ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

30

July - September 2018

# ਸੈਣੀ ਸੰਸਾਰ
# Saini Sansar

## ਆਜ਼ਾਦੀ ਸੰਗ੍ਰਾਮੀ ਸ਼ਹੀਦਾਂ ਨੂੰ ਪ੍ਰਣਾਮ






**ਅੰਦਰ ਪੜ੍ਹੋ**

- ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਜੀਵਨ ਜਾਚ
- ਸੈਣੀ ਭਵਨ ਦੀਆਂ ਸਰਗਰਮੀਆਂ
- ਮਹਾਰਾਜਾ ਰਣਜੀਤ ਸਿੰਘ
- ਮਹਾਨ ਸ਼ਹੀਦ
- ਗਿਆਨ, ਵਿਗਿਆਨ
- ਰੌਚਿਕ ਸਾਹਿਤਕ ਰਚਨਾਵਾਂ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VIII, Issue - III

# Saini Sansar

(Quarterly)

July - September 2018

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**FOUNDER**

**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **S. Malkiat Singh Saini,**
#4, Arnika Court, Jereme Grove, Glenwoood, Sydney-Australia

**U.S.A.** : **Dr. Manavpreet Kaur** Professor (English)
# 2421, Bryce Wood Lane, Plano-Tx-75025 (USA).

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 83562779**
**E-mail : sainibhawanrpr@gmail.com**
**Website : www.sainibhawan.org**

**Date of Publication : 01.07.2018**

# ਸੈਣੀ ਸੰਸਾਰ

(ਤਿਮਾਹੀ)

ਜਿਲਦ 8, ਅੰਕ 3 ਜੁਲਾਈ - ਸਤੰਬਰ 2018


ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ

ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ

ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)

ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)


ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

**ਮੁੱਖ ਕਵਰ 'ਤੇ ਫੋਟੋ :**

ਸੈਲੂਲਰ (ਕਾਲੇਪਾਣੀ) ਜੇਲ੍ਹ, ਪੋਰਟ ਬਲੇਅਰ (ਅੰਡੇਮਾਨ ਨਿੱਕੋਬਾਰ), ਜਿੱਥੇ ਆਜ਼ਾਦੀ ਸੰਗ੍ਰਾਮੀਆਂ ਨੂੰ ਤਸੀਹੇ ਦਿੱਤੇ ਜਾਂਦੇ ਸਨ।

ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ | 5-9 |
| ਲਾਲ ਗ੍ਰਹਿ | 10 |
| ਗਜ਼ਲ | 11 |
| ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ | 12-13 |
| Auspicious Time For a Charitable Action | 14-15 |
| Financial Assistance April - June 2018 | 16 |
| New Members of Saini Sansar & Saini Bhawan | 17 |
| ਕਹਾਣੀ - ਸੁਨਾਮੀ ਅਤੇ ਕਵਿਤਾ | 18-19 |
| ਮੋਕਲਾ ਕਰੋ ਦੋਸਤੀ ਦਾ ਦਾਇਰਾ | 20-21 |
| ਸੈਣੀ ਭਵਨ ਦੀਆਂ ਸਰਗਰਮੀਆਂ-ਤਸਵੀਰਾਂ ਦੀ ਜ਼ੁਬਾਨੀ | 22-23 |
| ਮਾਣਮੱਤੀਆਂ ਸੈਣੀ ਸਖ਼ਸ਼ੀਅਤਾਂ | 24 |
| ਕਹਾਣੀ - ਵਾਰਿਸ | 25-26 |
| ਸਮਾਂ ਹੱਥ ਨਹੀਂ ਆਇਆ ਰਾਜੇ ਰਾਣੀਆਂ ਦੇ | 27-28 |
| ਪਹਾੜ ਦੀ ਯਾਤਰਾ - ਧਰਤੀ 'ਤੇ ਸਵਰਗ, ਹਰਸਿਲ | 29-30 |
| ਜਿਨ੍ਹਾ ਉਲਟੀਆਂ ਖੱਲਾਂ ਲੁਹਾਈਆਂ - ਬਾਬਾ ਜੈ ਸਿੰਘ ਜੀ | 31 |
| ਪੰਜਾਬ ਬਾਰੇ ਚਿੰਤਾ ਨਹੀਂ, ਚਿੰਤਨ ਦੀ ਲੋੜ | 32 |
| Tribute to S. Harbans Singh (Retd. Chief Er.) | 33 |
| ਕਵਿਤਾ - ਝੁਰਲੂ | 34 |
| ਵਿਦੇਸ਼ ਯਾਤਰਾ - ਕੁਦਰਤੀ ਝੀਲ, ਟਾਹੋ | 35 |
| ਹੱਡ ਬੀਤੀ | 36-38 |
| ਸ਼ਰਧਾਂਜਲੀਆਂ | 38 |
| ਦਸਤਾਰ | 39 |
| Matrimonials | 40-44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

### ਸੰਪਾਦਕੀ

## ਪਰਵਾਸ - ਕਿੰਨਾ ਚੰਗਾ, ਕਿੰਨਾ ਮਾੜਾ



ਅਜਮੇਰ ਸਿੰਘ (ਡਾ.)
ਰੂਪਨਗਰ

ਮਾਤ-ਭੂਮੀ ਨਾਲ ਮਨੁੱਖ ਦਾ ਪਿਆਰ ਜਮਾਂਦਰੂ ਹੈ। ਇਸ ਨਾਲ ਉਸ ਦੀਆਂ ਭਾਈਚਾਰਕ ਸਾਂਝਾਂ ਅਤੇ ਯਾਦਾਂ ਜੁੜੀਆਂ ਹੁੰਦੀਆਂ ਹਨ। ਇਸ ਲਈ ਆਮ ਤੌਰ 'ਤੇ ਉਹ ਇਸ ਨੂੰ ਛੱਡਣਾ ਨਹੀਂ ਚਾਹੁੰਦਾ। ਕਈ ਵੇਰ ਹਾਲਾਤ ਹੀ ਅਜਿਹੇ ਬਣ ਜਾਂਦੇ ਹਨ ਕਿ ਉਹ ਇਸ ਨੂੰ ਅਲਵਿਦਾ ਕਹਿਣ ਲਈ ਮਜ਼ਬੂਰ ਹੋ ਜਾਂਦਾ ਹੈ। ਇਸ ਨੂੰ ਪਰਵਾਸ ਕਿਹਾ ਜਾਂਦਾ ਹੈ। ਇਹ ਪਰਵਾਸ ਜੇ ਸਜ਼ਾ ਦੇ ਰੂਪ ਵਿੱਚ ਹੋਵੇ ਤਾਂ ਦੇਸ਼ਨਿਕਾਲਾ ਅਖਵਾਉਂਦਾ ਹੈ, ਜੇ ਸਮੂਹਿਕ ਦੰਗਿਆਂ ਦੀ ਹਿੰਸਾ ਕਾਰਨ ਹੋਵੇ ਤਾਂ ਉਜਾੜਾ ਬਣ ਜਾਂਦਾ ਹੈ ਅਤੇ ਜੇਕਰ ਜੀਵਨ ਨੂੰ ਵਧੀਆ ਬਣਾਉਣ ਦੀ ਤਾਂਘ ਕਾਰਨ ਹੋਵੇ ਤਾਂ ਸੁਖਦਾਈ ਹੁੰਦਾ ਹੈ। ਪੰਜਾਬੀਆਂ ਨੇ ਇਹ ਤਿੰਨੋਂ ਪਰਵਾਸ ਆਪਣੇ ਪਿੰਡੇ 'ਤੇ ਹੰਢਾਏ ਹਨ। ਆਜ਼ਾਦੀ-ਸੰਗ੍ਰਾਮ ਸਮੇਂ ਦੇਸ਼ਨਿਕਾਲੇ ਝੱਲੇ, ਦੇਸ਼ ਦੀ ਵੰਡ ਸਮੇਂ ਉਜਾੜੇ ਦੀ ਪੀੜਾ ਸਹੀ ਅਤੇ ਬਿਹਤਰ ਜ਼ਿੰਦਗੀ ਦੇ ਸੁਪਨੇ ਸਾਕਾਰ ਕਰਨ ਲਈ ਘਰ ਛੱਡ ਕੇ ਬਿਗਾਨੇ ਥਾਵਾਂ 'ਤੇ ਭਟਕਿਆ।

ਇਹ ਪਰਵਾਸ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਅਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਹੁੰਦਾ ਰਿਹਾ ਹੈ। ਉਂਨੀਵੀਂ ਸਦੀ ਦੇ ਆਖਰੀ ਦਹਾਕੇ ਦੋਆਬੇ ਦੇ ਬੇਜ਼ਮੀਨੇ ਪੰਜਾਬੀ ਆਪਣੀ ਜ਼ਮੀਨ ਦੀ ਭੁੱਖ ਪੂਰੀ ਕਰਨ ਲਈ ਪਰਵਾਸ ਕਰਕੇ ਬਾਰ (ਪਾਕਿਸਤਾਨ) ਦੇ ਇਲਾਕੇ ਵਿੱਚ ਗਏ ਜਿੱਥੇ ਇਨ੍ਹਾਂ ਨੇ ਬੇਆਬਾਦ ਜ਼ਮੀਨਾਂ ਨੂੰ ਉਪਜਾਊ ਬਣਾਇਆ। ਦੇਸ਼ ਦੀ ਵੰਡ ਤੋਂ ਬਾਅਦ ਇੱਧਰ ਆ ਕੇ ਵੀ ਇਹ ਮੁਰੱਬਿਆਂ ਦੇ ਮਾਲਿਕ ਬਣ ਗਏ। ਕੁੱਝ ਨੇ ਯੂ.ਪੀ.ਅਤੇ ਰਾਜਿਸਥਾਨ ਵਿੱਚ ਸੈਕੜੇ ਏਕੜ ਬੰਜਰ ਜ਼ਮੀਨ ਨੂੰ ਆਪਣੀ ਮਿਹਨਤ ਸਦਕਾ ਜ਼ਰਖੇਜ਼ ਬਣਾ ਕੇ ਉੱਥੇ ਸਰਦਾਰੀ ਕਾਇਮ ਕੀਤੀ ਹੈ। ਪੰਜਾਬੀਆਂ ਨੇ ਕਲਕੱਤੇ ਅਤੇ ਬੰਬਈ ਆਦਿ ਸ਼ਹਿਰਾਂ ਵਿੱਚ ਪਰਵਾਸ ਕਰ ਕੇ ਟਰਾਂਸਪੋਰਟ ਕਾਰੋਬਾਰ ਅਤੇ ਹੋਰ ਕਾਰੋਬਾਰਾਂ 'ਤੇ ਕਬਜ਼ਾ ਕਰ ਲਿਆ।

ਪੰਜਾਬੀਆਂ ਨੇ ਬਿਹਤਰ ਜੀਵਨ ਲਈ ਮਲਾਇਆ, ਸਿੰਘਾਪੁਰ, ਫਿਲਪਾਈਨ, ਬਰਮਾਂ ਅਤੇ ਕੈਨੇਡਾ ਜਿਹੇ ਦੇਸ਼ਾਂ ਵਿੱਚ ਜਾ ਕੇ ਉੱਥੋਂ ਦੇ ਜੰਗਲਾਂ ਨੂੰ ਆਬਾਦ ਕਰ ਦਿੱਤਾ। ਉੱਥੋਂ ਧਨ ਕਮਾ ਕੇ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਮਾਲੋਮਾਲ ਕੀਤਾ। ਫਿਰ ਅਮਰੀਕਾ ਅਤੇ ਇਗਲੈਂਡ ਜਾਣ ਦੀ ਦੌੜ ਲੱਗੀ। ਵੀਹਵੀਂ ਸਦੀ ਦੇ ਦੂਜੇ ਦਹਾਕੇ ਦੌਰਾਨ ਅਮਰੀਕਾ ਵਿੱਚ ਜਿੱਥੇ ਪੰਜਾਬੀਆਂ ਨੇ ਧਨ ਕਮਾਇਆ ਉੱਥੇ ਗਦਰ ਲਹਿਰ ਦੇ ਰਾਹੀਂ ਭਾਰਤੀਆਂ ਵਿੱਚ ਆਜ਼ਾਦੀ ਦੀ ਚਿਣਗ ਵੀ ਜਗਾਈ। ਪਰਵਾਸੀ ਪੰਜਾਬੀਆਂ ਨੇ ਬਾਹਰਲੇ ਦੇਸ਼ਾਂ ਵਿੱਚੋਂ ਕਮਾਏ ਧਨ ਨਾਲ ਜਿੱਥੇ ਆਪਣੇ ਪਰਿਵਾਰਾਂ ਨੂੰ ਖੁਸ਼ਹਾਲ ਕੀਤਾ ਉੱਥੇ ਆਪਣੇ ਸੂਬੇ ਦੀ ਆਰਥਿਕ ਤਰੱਕੀ ਵਿੱਚ ਵੀ ਭਰਵਾਂ ਯੋਗਦਾਨ ਪਾਇਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਪਿੰਡਾਂ ਤੇ ਇਲਾਕਿਆਂ ਦੇ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਹੋਰ ਸਮਾਜਿਕ ਮਹੱਤਵ ਦੇ ਕਾਰਜਾਂ ਵਿੱਚ ਵੀ ਯੋਗਦਾਨ ਪਾਇਆ। ਇੱਕ ਅੰਦਾਜ਼ੇ ਅਨੁਸਾਰ ਪੰਜਾਬ ਦੀ ਕੁੱਲ ਘਰੇਲੂ ਉਤਪਾਦ ਦਾ 20 ਤੋਂ 30 ਫੀਸਦੀ ਪਰਵਾਸੀ ਪੰਜਾਬੀਆਂ ਵਲੋਂ ਛੋਟੀਆਂ ਵਪਾਰਕ ਗਤੀਵਿਧੀਆਂ ਵਿੱਚ ਲਾਇਆ ਸਰਮਾਇਆ ਬਣ ਜਾਂਦਾ ਸੀ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਲੋਕ ਸੁਭਾ ਪੱਖੋਂ ਖੁੱਲ੍ਹਦਿਲੇ, ਖਤਰਿਆਂ ਨਾਲ ਖੇਡਣ ਵਾਲੇ ਅਤੇ ਆਸ਼ਾਵਾਦੀ ਹੋਣ ਕਾਰਨ ਕਦੇ ਵੀ ਪਰਵਾਸ ਤੋਂ ਗੁਰੇਜ਼ ਨਹੀਂ ਕਰਦੇ। ਇਹ ਹੀ ਕਾਰਨ ਹੈ ਕਿ ਕੋਈ ਪੰਜਾਬੀ ਆਪਣੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਹਿਤ ਕਦੇ ਮੰਗਤਾ ਨਹੀਂ ਬਣਿਆਂ। ਇੱਕ ਕਵੀ ਨੇ ਪਰਵਾਸੀਆਂ ਦੀ ਮਾਨਸਿਕ ਸਥਿਤੀ ਨੂੰ ਇਵੇਂ ਬਿਆਨ ਕੀਤਾ ਹੈ-

ਮੋਰ ਕੂੰਜਾਂ ਨੂੰ ਦੇਵਣ ਤਾਹਨੇ,
ਥੋੜ੍ਹੀ ਨਿੱਤ ਪ੍ਰਦੇਸ ਤਿਆਰੀ।
ਤੁਸੀਂ ਕੁਪੱਤੀਆਂ ਜਾਂ ਦੇਸ ਕੁਪੱਤਾ,
ਜਾਂ ਲੱਗ ਗੀ ਕਿਸੇ ਨਾਲ ਯਾਰੀ।
ਨਾ ਵੇ ਮੋਰਾ! ਅਸੀਂ ਕੁਪੱਤੀਆਂ,
ਨਾ ਹੀ ਕਿਸੇ ਨਾਲ ਯਾਰੀ।
ਡਾਢੇ ਨੇ ਸਾਡੀ ਚੋਗ ਖਿਲਾਰੀ,
ਲੈਣੀ ਪਵੇ ਉਡਾਰੀ।

ਹੁਣ ਅਸੀਂ ਵਰਤਮਾਨ ਸਮੇਂ ਵਿੱਚ ਪੰਜਾਬੀਆਂ ਦੇ ਹੋ ਰਹੇ ਪਰਵਾਸ ਦੀ ਗੱਲ ਕਰਦੇ ਹਾਂ। ਇਸ ਸਮੇਂ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚੋਂ ਦੋ ਪ੍ਰਕਾਰ ਦਾ ਪਰਵਾਸ ਹੋ ਰਿਹਾ ਹੈ। ਇੱਕ ਹਨ- ਗੈਰਹੁਨਰਮੰਦ ਤੇ ਘੱਟ ਹੁਨਰਮੰਦ ਕਾਮੇ ਜੋ ਆਮ ਤੌਰ 'ਤੇ ਖਾੜੀ ਦੇਸ਼ਾਂ ਵਿੱਚ ਕੰਮ ਕਰਨ ਜਾਂਦੇ ਹਨ ਅਤੇ ਪਿੱਛੇ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ ਪਰ ਉੱਥੇ ਪੱਕੇ ਤੌਰ 'ਤੇ ਨਹੀਂ ਰਹਿੰਦੇ। ਦੂਜੇ ਹਨ- ਹੁਨਰਮੰਦ ਕਾਮੇ, ਵਿਦਿਆਰਥੀ ਅਤੇ ਪੜ੍ਹੇਲਿਖੇ ਲੋਕ ਜੋ ਵਿਕਸਿਤ ਦੇਸ਼ਾਂ- ਅਮਰੀਕਾ, ਕੈਨੇਡਾ, ਇੰਗਲੈਂਡ, ਇਟਲੀ, ਅਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਪੱਕੇ ਤੌਰ ਤੇ ਰਹਿਣ ਲਈ ਜਾਂਦੇ ਹਨ। ਇਨ੍ਹਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕ੍ਰਿਡ) ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 55 ਲੱਖ ਪਰਿਵਾਰਾਂ ਵਿੱਚੋਂ 11 ਫੀਸਦੀ ਪਰਿਵਾਰਾਂ ਦੇ ਇੱਕ ਜਾਂ ਵੱਧ ਜੀਅ ਵਿਦੇਸ਼ ਵਿੱਚ ਹਨ। ਇਸ ਤਰ੍ਹਾਂ 25 ਲੱਖ ਪੰਜਾਬੀ ਵਿਦੇਸ਼ਾਂ ਵਿੱਚ ਰਹਿੰਦੇ ਹਨ।

ਹੁਣ ਪਹਿਲਾਂ ਨਾਲੋਂ ਫਰਕ ਇਹ ਹੈ ਕਿ ਪਰਵਾਸੀ ਉੱਥੇ ਪੱਕੇ ਤੌਰ 'ਤੇ ਵਸਣ ਲਈ ਜਾਂਦੇ ਹਨ। ਹੁਣ ਪੰਜਾਬ ਦੇ ਹੁਨਰਮੰਦ ਤੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਦਾ

ਪੱਕਾ ਨਿਕਾਲਾ ਹੋ ਰਿਹਾ ਹੈ ਜੋ ਪੰਜਾਬ ਅਤੇ ਦੇਸ਼ ਲਈ ਬਹੁਤ ਵੱਡਾ ਘਾਟਾ ਹੈ। ਦੇਸ਼ ਅਤੇ ਸਮਾਜ ਵਲੋਂ ਇਨ੍ਹਾਂ ਦੀ ਪੜ੍ਹਾਈ ਆਦਿ 'ਤੇ ਖਰਚ ਕੀਤਾ ਧਨ ਵਿਦੇਸ਼ਾਂ ਵਿੱਚ ਹੀ ਜਮ੍ਹਾਂ ਹੋ ਰਿਹਾ ਹੈ। ਵਿਸ਼ਵ ਵਿੱਚ ਆਏ ਸੂਚਨਾਂ ਅਤੇ ਟੈਕਨਾਲੌਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿੱਚੋਂ ਬਰੇਨ ਡਰੇਨ ਦੇ ਨਾਲ ਕੈਪੀਟਲ ਡਰੇਨ ਵੀ ਹੋਣ ਲੱਗਾ ਹੈ। ਆਰਥਿਕ ਨੁਕਸਾਨ ਦੇ ਨਾਲ ਇਸ ਪਰਵਾਸ ਦੇ ਸਮਾਜਿਕ ਤੇ ਸੱਭਿਆਚਾਰਕ ਨੁਕਸਾਨ ਵੀ ਹੋ ਰਹੇ ਹਨ। ਇਹ ਪਰਵਾਸੀ ਪੰਜਾਬ ਵਿੱਚ ਆ ਕੇ ਆਪਣੀ ਫੋਕੀ ਸ਼ੁਹਰਤ ਬਣਾਉਣ ਲਈ ਵਿਆਹ-ਸ਼ਾਦੀਆਂ, ਬਜ਼ੁਰਗਾਂ ਦੇ ਮਰਗ ਭੋਗਾਂ, ਧਾਰਮਿਕ ਸਮਾਗਮਾਂ ਅਤੇ ਚੋਣਾਂ ਆਦਿ ਗੈਰਉਤਪਾਦਕ ਕਾਰਜਾਂ 'ਤੇ ਦਿਖਾਵੇ ਵਜੋਂ ਫਜ਼ੂਲਖਰਚੀ ਕਰਦੇ ਹਨ। ਇਸ ਤੋਂ ਇਲਾਵਾ ਵਿਦੇਸ਼ੀਂ ਗਏ ਪਰਿਵਾਰਾਂ ਦੇ ਪੰਜਾਬ ਵਿੱਚ ਬੈਠੇ ਬਜ਼ੁਰਗਾਂ ਦੀ ਸਾਂਭ-ਸੰਭਾਲ ਦੀ ਸਮੱਸਿਆ ਵੀ ਗੰਭੀਰ ਬਣਦੀ ਜਾ ਰਹੀ ਹੈ।ਇਸ ਨਾਲ ਸਾਰਾ ਸਮਾਜਿਕ ਤਾਣਾਬਾਣਾ ਉਲਝ ਰਿਹਾ ਹੈ। ਹੁਣ ਵਿਦੇਸ਼ਾਂ ਵਿੱਚ ਜਨਮੀ ਪੰਜਾਬੀ ਪੀੜ੍ਹੀ ਲਈ ਆਪਣਾ ਪਿੱਤਰੀ ਸੂਬਾ ਖਿੱਚ ਦਾ ਕੇਂਦਰ ਨਹੀਂ ਰਿਹਾ। ਇਹ ਪੀੜ੍ਹੀ ਪਿਛਲੇ ਇੱਕ ਦਹਾਕੇ ਤੋਂ ਆਪਣੀਆਂ ਜ਼ਮੀਨਾਂ, ਘਰ ਤੇ ਹੋਰ ਜਾਇਦਾਦਾਂ ਵੇਚ-ਵੱਟ ਕੇ ਪੰਜਾਬ ਨਾਲੋਂ ਪੱਕਾ ਨਾਤਾ ਤੋੜਨ ਵਾਲੇ ਪਾਸੇ ਵਧ ਰਹੀ ਹੈ। ਪਰਵਾਸੀ ਪੰਜਾਬੀਆਂ ਨੇ ਦੂਜੇ ਦੇਸ਼ਾਂ ਦੀ ਰਾਜਨੀਤੀ ਵਿੱਚ ਸਰਗਰਮ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ ਜੋ ਪੰਜਾਬੀਆਂ ਲਈ ਬੜੀ ਮਾਣ ਦੀ ਗੱਲ ਹੈ ਪਰ ਪੰਜਾਬ ਸੂਬੇ ਲਈ ਤਾਂ ਘਾਟਾ ਹੀ ਹੈ।

ਇਸ ਵਿਸ਼ਵੀਕਰਨ ਦੇ ਯੁੱਗ ਵਿੱਚ ਵਿਕਸਤ ਦੇਸ਼ਾਂ ਦਾ ਸ਼ਾਂਤਮਈ ਵਾਤਾਵਰਨ, ਵਧੀਆ ਆਰਥਿਕ ਤੇ ਸਮਾਜਿਕ ਢਾਂਚਾ ਪੰਜਾਬੀ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਦਾ ਹੈ। ਇਸ ਦਾ ਵੱਡਾ ਕਾਰਨ ਹੈ ਸਾਡੇ ਦੇਸ਼ ਅਤੇ ਪੰਜਾਬ ਦਾ ਨੁਕਸਦਾਰ ਪ੍ਰਬੰਧਕੀ ਢਾਂਚਾ। ਇੱਥੇ ਪ੍ਰਾਈਵੇਟ ਅਦਾਰੇ ਪੜ੍ਹੇ-ਲਿਖੇ ਨੌਜਵਾਨਾਂ ਨੂੰ 5-7 ਹਜ਼ਾਰ ਮਾਸਿਕ ਤਨਖਾਹ ਦੇ ਕੇ ਉਨ੍ਹਾਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ। ਖੇਤੀ ਦੀ ਆਮਦਨ ਨੌਜਵਾਨਾਂ ਦੀਆਂ ਆਧੁਨਿਕ ਲੋੜਾਂ ਪੂਰੀਆਂ ਕਰਨ ਲਈ ਨਾਕਾਫੀ ਹੈ। ਉਦਯੋਗਿਕ ਨਿਵੇਸ਼ ਵੀ ਹੁਣ ਨੌਕਰੀਆਂ ਪੈਦਾ ਨਹੀਂ ਕਰ ਰਿਹਾ। ਇੱਥੇ ਕਿਰਤ ਦੀ ਕੋਈ ਕਦਰ ਨਹੀਂ। ਰਾਜਪ੍ਰਬੰਧ ਪੂਰੀ ਤਰ੍ਹਾਂ ਤਹਿਸ਼ਨਹਿਸ਼ ਹੋ ਚੁੱਕਾ ਹੈ। ਪ੍ਰਦੂਸ਼ਣ ਨੇ ਹੱਦਾਂ ਪਾਰ ਕਰ ਲਈਆਂ ਹਨ ਜਿਸ ਕਾਰਨ ਇਹ ਰਹਿਣ ਦੇ ਵੀ ਯੋਗ ਨਹੀਂ ਜਾਪਦਾ। ਕਾਨੂੰਨ ਦੀ ਪਾਲਣਾ ਨਹੀਂ ਹੋ ਰਹੀ ਅਤੇ ਇਨਸਾਫ ਮਿਲਣ ਦੀ ਸੰਭਾਵਨਾ ਘਟ ਰਹੀ ਹੈ। ਪੰਜਾਬ ਦੇ ਹੁਨਰ ਤੇ ਪੂੰਜੀ ਨੂੰ ਇੱਥੇ ਰੱਖਣ ਵਿੱਚ ਪੰਜਾਬ ਦੀ ਸਿਆਸੀ ਜਮਾਤ ਅਤੇ ਹੋਰ ਧਿਰਾਂ ਕੋਈ ਦਿਲਚਸਪੀ ਨਹੀਂ ਦਿਖਾ ਰਹੀਆਂ। ਜਿੰਨੀ ਦੇਰ ਤੱਕ ਵਿਅਕਤੀ ਨੂੰ ਆਪਣੀ ਸਮਰਥਾ ਅਨੁਸਾਰ ਰੋਜ਼ਗਾਰ ਨਹੀਂ ਮਿਲਦਾ ਉਸ ਨੂੰ ਪਰਵਾਸ ਕਰਨ ਤੋਂ ਨਾ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਣਾ ਵਾਜਿਬ ਹੈ।

ਜੇ ਕਰ ਸਾਡੇ ਦੇਸ਼ ਅਤੇ ਸੂਬੇ ਦੀ ਸਰਕਾਰ ਹੋਣਹਾਰ ਨੌਜਵਾਨਾਂ ਦੀ ਵਿਦੇਸ਼ਾਂ ਵੱਲ ਦੌੜ ਨੂੰ ਠੱਲ੍ਹ ਪਾਉਣਾ ਚਾਹੁੰਦੀ ਹੈ ਤਾਂ ਰੁਜ਼ਗਾਰ ਦੀ ਗਾਰੰਟੀ ਦੇਣ ਲਈ ਨਵੀਂ ਸਿੱਖਿਆ ਨੀਤੀ ਤਿਆਰ ਕਰਨੀ, ਸਨਅਤਾਂ ਤੇ ਸਵੈਰੁਜ਼ਗਾਰ ਨੂੰ ਹੁਲਾਰਾ ਦੇਣਾ, ਸਸਤੀ ਸਿੱਖਿਆ ਤੇ ਸਮਾਜਿਕ ਸੁਰੱਖਿਆ ਦੀ ਗਰੰਟੀ ਦੇਣੀ ਜ਼ਰੂਰੀ ਹੈ। ਇਸ ਸਮੇਂ ਸਭ ਤੋਂ ਵੱਡੀ ਲੋੜ ਹੈ ਇਸ ਪਰਵਾਸ ਦਾ ਨਿਯੰਤ੍ਰਣ ਕਰਨ ਦੀ ਤਾਂ ਜੋ ਬਾਹਿਰ ਜਾਣ ਦੇ ਚਾਹਵਾਨ ਲੋਕਾਂ ਦਾ ਜਾਹਲੀ ਏਜੰਟਾਂ ਹੱਥੋਂ ਸ਼ੋਸ਼ਣ ਨਾ ਹੋਵੇ। ਇਸ ਨਾਲ ਪਰਵਾਸੀ ਆਪਣੀ ਮਾਤ ਭੂਮੀ ਨਾਲ ਜੁੜੇ ਰਹਿਣਗੇ ਅਤੇ ਉਹ ਮਹਿਸੂਸ ਕਰਨਗੇ-

"ਏਧਰ ਹੈ ਕਰਮਾਂ ਦੀ ਭੂਮੀ,
ਓਧਰ ਹੈ ਧਰਮਾਂ ਦੀ ਭੂਮੀ।
ਜਨਮ ਭੋਇੰ ਦਾ ਕਰਜ਼ ਚੁਕਾਈਏ,
ਚੱਲ ਪੰਜਾਬ ਨੂੰ ਚੱਲੀਏ"।

-ਪ੍ਰਧਾਨ ਅਤੇ ਮੁੱਖ ਸੰਪਾਦਕ

* * * * *



## ਗ਼ਜ਼ਲ

ਜਸਵੰਤ ਸਿੰਘ ਜਗੈਤ
ਕੈਲੇਗਰੀ (ਕੈਨੇਡਾ)

ਸਾਗਰ ਕੋਲ ਰਹਿ ਕੇ ਦੇਖੇ, ਤਰਸਦੇ ਬੂੰਦ ਨੂੰ।
ਮਨ ਤਾਂ ਜੋਤ ਸਰੂਪ, ਨਾ ਪਹਿਚਾਣਦੇ ਮੂਲ ਨੂੰ।
ਮਾਣ ਕਰਨ, ਸ਼ੀਸ਼ਾ ਸਮਝ ਕਰਕੇ ਦੇਹੀ ਦਾ।
ਪੱਥਰ ਹਾਮੀ ਭਰਨ, ਇਸ ਟੁੱਟਣ ਦੇ ਵਜੂਦ ਨੂੰ।
ਮਨ ਦੇ ਵਿਚ ਪਾਲਣ, ਡਾਢੇ ਹੋਵਣ ਦਾ ਭਰਮ।
ਇਸ ਭਰਮ ਨੇ ਟੁੱਟਣਾ, ਜੋੜ ਨਾ ਲਗਦੇ ਚੂਲ ਨੂੰ।
ਲਗਦਾ ਏ, ਧੁੱਪਾਂ ਸੰਗ ਹੋਏ ਵਾਲ ਚਿੱਟੇ।
ਦਾਨਿਸ਼ਵਰ ਕਿੱਥੋਂ, ਜਦ ਮੰਨ ਲੈਂਦੇ ਝੂਠ ਨੂੰ।
ਮੌਸਮ ਰੰਗ ਵਟਾਵੇ, ਹਰ ਪਾਸੇ ਅਜ ਕੱਲ੍ਹ।
ਰੋਲ ਨਾ ਦਿਵੇ ਕਿਤੇ, ਜਿਵੇਂ ਔੜਾਂ ਰੋਲਦੇ ਫੂਲ ਨੂੰ।
ਪੱਥਰ ਚੱਟ ਕੇ ਮੁੜਨੇ, ਪਿੱਛੋਂ ਨਾ ਵਕਤ ਰਹਿ।
ਚਲਦੇ ਜੀਵਨ 'ਚ ਕਰ ਚੰਗਾ, ਸੁਧਾਰੇ ਭੁਲ ਤੂੰ।
ਕੱਢ ਕੇ ਕੱਚ ਝੂਠ ਦਾ, ਸੱਚ ਪਾ ਲੈ ਸੱਚੇ ਦਾ।
ਫੇਰ 'ਜਗੈਤ' ਇਹੋ ਹੀ ਮੰਤਰ ਦੇ ਅਸੂਲ ਨੂੰ।

### ਤਿਮਾਹੀ ਅਪ੍ਰੈਲ-ਜੂਨ 2018 ਦੌਰਾਨ

## ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ



**36ਵਾਂ ਸੈਣੀ ਸੰਮੇਲਨ**

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ) ਵਲੋਂ 7 ਅਪ੍ਰੈਲ, 2018 ਨੂੰ ਸੈਣੀ ਭਵਨ ਰੂਪਨਗਰ ਵਿਖੇ 36ਵੇਂ ਸਾਲਾਨਾ ਸੈਣੀ ਸੰਮੇਲਨ ਦਾ ਆਯੋਜਨ ਕੀਤਾ ਗਿਆ। ਟਰੱਸਟ ਦੇ ਫਾਊਂਡਰ ਚੇਅਰਮੈਨ ਮਹਾਂਦਾਨੀ ਸਵ: ਸ਼੍ਰੀ ਐਲ. ਆਰ. ਮੁੰਦਰਾ ਦੀ ਯਾਦ ਨੂੰ ਸਮਰਪਿਤ ਇਸ ਸੰਮੇਲਨ ਦਾ ਅਰੰਭ ਸਵੇਰੇ 8-30 ਵਜੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤਾ ਗਿਆ। ਸਮਾਗਮ 'ਚ ਬਤੌਰ ਮੁੱਖ ਮਹਿਮਾਨ ਸਮਾਜਸੇਵੀ ਸ. ਤਰਲੋਚਨ ਸਿੰਘ ਸੈਣੀ ''ਬਿੱਟੂ'' ਚੇਅਰਮੈਨ ਸਿਲਵਰ ਓਕ ਇੰਟਰਨੈਸ਼ਨਲ ਸੀ. ਸੈਕ. ਸਕੂਲ ਟਾਡਾ ਉੜਮੜ ਜ਼ਿਲ੍ਹਾ ਹੁਸ਼ਿਆਰਪੁਰ ਨੇ ਸਿਰਕਤ ਕੀਤੀ। ਸੰਮੇਲਨ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ. ਤਰਲੋਚਨ ਸਿੰਘ ਨੇ ਸੈਣੀ ਭਵਨ ਰੂਪਨਗਰ ਦੇ ਸਮਾਜ ਭਲਾਈ ਕਾਰਜਾਂ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਪ੍ਰੇਰਣਾ ਕੀਤੀ ਕਿ ਜਿਸ ਤਰਾਂ ਮਹਾਂਦਾਨੀ ਸਵ: ਸ਼੍ਰੀ ਐਲ ਆਰ ਮੁੰਦਰਾ ਨੇ ਸਾਨੂੰ ਸੇਵਾ ਦਾ ਇੱਕ ਨਵਾਂ ਰਾਹ ਵਿਖਾਇਆ ਹੈ ਇਸੇ ਤਰਾਂ ਇਨਸਾਨ ਨੂੰ ਕਿਸੇ ਨਾ ਕਿਸੇ ਚੰਗੇ ਪਾਸੇ ਜੁੜਣਾ ਚਾਹੀਦਾ ਹੈ ਜਿਸ ਨਾਲ ਲੋੜਵੰਦਾਂ ਦੀ ਮਦਦ ਹੋ ਸਕੇ। ਉਨ੍ਹਾਂ ਸੰਸਥਾ ਨੂੰ 51000/- ਰੁਪਏ ਦੀ ਮਾਲੀ ਮਦਦ ਵੀ ਦਿੱਤੀ।

**ਸਫਲ ਸੈਣੀ ਸਖ਼ਸ਼ੀਅਤਾਂ ਦਾ ਸਨਮਾਨ :** ਸੰਮੇਲਨ ਦੌਰਾਨ ਭਿੰਨ-ਭਿੰਨ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਸਫ਼ਲ ਸੈਣੀ ਵਿਅਕਤੀਆਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਦੇ ਵੇਰਵੇ ਇਸ ਪ੍ਰਕਾਰ ਹਨ :-

**ਡਾ. ਰਨਬੀਰ ਸਿੰਘ ਬਲਗੀਰ**- ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਭੂੰਗਰਨੀ ਦੇ ਸੈਣੀ ਪਰਿਵਾਰ ਵਿੱਚ ਜਨਮੇ ਆਪ ਰਾਸ਼ਟਰੀ ਪੱਧਰ ਦੇ ਮਾਨਵ ਵਿਗਿਆਨੀ ਹਨ ਅਤੇ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਤੋਂ ਡਿਪਟੀ ਡਾਇਰੈਕਟਰ ਵਜੋਂ ਰਿਟਾਇਰ ਹੋਏ ਹਨ। ਆਪ ਨੇ ਪੀ.ਜੀ.ਆਈ. ਵਿਖੇ ਵੀ ਰਿਸਰਚ ਸਕਾਲਰ ਵਜੋਂ ਕੰਮ ਕੀਤਾ। ਆਪ ਨੂੰ ਭਾਰਤ ਸਰਕਾਰ ਨੇ ਦਰਜਨਾਂ ਇਨਾਮਾਂ ਅਤੇ ਤਮਗਿਆਂ ਨਾਲ ਸਨਮਾਨਿਤ ਕੀਤਾ ਹੈ। ਆਪ ਦੇ ਸੈਕੜੇ ਹੀ ਖੋਜ-ਲੇਖ ਅੰਤਰਰਾਸ਼ਟਰੀ ਪੱਤਰਕਾਵਾਂ ਵਿੱਚ ਪ੍ਰਕਾਸ਼ਿਤ ਹੋਏ ਹਨ ਅਤੇ ਦਰਜਨਾਂ ਹੀ ਵਿਅਕਤੀਆਂ ਨੂੰ ਪੀ.ਐਚ.ਡੀ. ਕਰਵਾਈ ਹੈ। ਆਪ ਵਿਗਿਆਨ ਪੁਸਤਕਾਂ ਦੇ ਲਿਖਾਰੀ ਵੀ ਹਨ। ਇਸ ਸਮੇਂ ਆਪ ਖਰੜ ਵਿਖੇ ਰਹਿ ਕੇ ਸਮਾਜ ਸੇਵਾ ਕਰ ਰਹੇ ਹਨ।

**ਡਾ. ਅਜੀਤਕਮਲ ਸਿੰਘ ਹਮਦਰਦ**- ਆਪ ਅਜੀਤ ਅਖਬਾਰ ਦੇ ਮੋਢੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਦੇ ਪੋਤਰੇ ਹਨ ਅਤੇ ਪੰਜਾਬ ਦੇ ਲੋਕ ਸੰਪਰਕ ਤੇ ਪਬਲੀਕੇਸ਼ਨ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਤਾਇਨਾਤ ਹਨ। ਆਪ ਨੇ ਕਾਵਿ-ਚਿੱਤਰਕਾਰੀ ਦੀ ਨਵੀਂ ਸ਼ੈਲੀ ਨੂੰ ਜਨਮ ਦਿੱਤਾ ਹੈ ਜਿਸ ਦੀ ਪ੍ਰਦਰਸ਼ਨੀ ਚੰਡੀਗੜ੍ਹ ਵਿਖੇ ਲਗਾਈ ਗਈ ਸੀ।

**ਓਲੰਪੀਅਨ ਧਰਮਵੀਰ ਸਿੰਘ**- ਆਪ ਰੁਪਨਗਰ ਸ਼ਹਿਰ ਦੇ ਨਜ਼ਦੀਕ ਪਿੰਡ ਖੈਰਾਬਾਦ ਦੇ ਸ. ਸੁਖਦੇਵ ਸਿੰਘ ਸੈਣੀ ਬੇਟੇ ਹਨ। ਆਪ ਭਾਰਤੀ ਹਾਕੀ ਦੇ ਓਲੰਪੀਅਨ ਖਿਡਾਰੀ ਹਨ ਜਿਨ੍ਹਾਂ ਨੇ ਫਾਈਨਲ ਮੈਚ ਵਿੱਚ ਸਭ ਤੋਂ ਵੱਧ ਗੋਲ ਕੀਤੇ ਸਨ। ਹੁਣ ਆਪ ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਦੇ ਅਹੁਦੇ 'ਤੇ ਤਾਇਨਾਤ ਹਨ।

**ਸ.ਜੀਵਨ ਸਿੰਘ ਸਹੌੜਾਂ**- ਆਪ ਸੁਤੰਤਰਤਾ ਸੇਨਾਨੀ ਸ. ਰਤਨ ਸਿੰਘ ਸਹੌੜਾਂ ਦੇ ਪੁੱਤਰ ਹਨ ਜੋ ਅੰਗਰੇਜ਼ਾਂ ਵਿਰੁੱਧ ਦੇਸ਼ ਦੀ ਲੜਦੇ ਹੋਏ ਕਈ ਵੇਰ ਜੇਲ੍ਹ ਗਏ ਅਤੇ ਤਸੀਹੇ ਝੱਲੇ। ਸ. ਰਤਨ ਸਿੰਘ ਨੇ ਖਾਲਸਾ ਪੰਥ ਦੀ ਵੀ ਬਹੁਤ ਸੇਵਾ ਕੀਤੀ ਅਤੇ ਚਮਕੌਰ ਦੇ ਸ਼ਹੀਦਾਂ ਬਾਰੇ ਪੁਸਤਕਾਂ ਲਿਖੀਆਂ ਹਨ।

**ਐਸ.ਆਈ. ਬਲਜਿੰਦਰ ਕੌਰ**- ਆਪ ਰੂਪਨਗਰ ਜ਼ਿਲ੍ਹੇ ਦੇ ਕਸਬਾ ਬੇਲਾ ਦੇ ਸ.ਅਮਰਜੀਤ ਸਿੰਘ ਦੀ ਸਪੁੱਤਰੀ ਹੈ। ਆਪ ਨੇ ਇਕਨਾਮਿਕਸ ਵਿਸ਼ੇ ਵਿੱਚ ਐਮ.ਏ. ਕਰਨ ਉਪਰੰਤ ਕੁੱਝ ਸਮਾਂ ਬੇਲਾ ਕਾਲਿਜ ਵਿੱਚ ਪੜ੍ਹਾਇਆ। ਆਪ ਬਹੁਤ ਵਧੀਆ ਐਥਲੀਟ ਅਤੇ ਕਲਾਕਾਰ ਹਨ। ਇਸ ਸਮੇਂ ਆਪ ਬਹਾਦੁਰਪੁਰ ਵਿਖੇ ਕਮਾਂਡੋਜ਼ ਟਰੇਨਿੰਗ ਲੈ ਰਹੇ ਹਨ।

**ਇੰਜ. ਕੁਲਤਾਰ ਸਿੰਘ**- ਆਪ ਰੂਪਨਗਰ ਦੇ ਨਜ਼ਦੀਕ ਪਿੰਡ ਡਕਾਲਾ ਦੇ ਸ. ਨਰਿੰਦਰ ਸਿੰਘ ਦੇ ਪੁੱਤਰ ਹਨ ਜਿਨ੍ਹਾਂ ਨੇ ਮਲਕਪੁਰ ਪਿੰਡ ਵਿੱਚ ਨੈਸ਼ਨਲ ਹਾਈ ਵੇਅ 'ਤੇ " ਰਜਨੀ ਹਰਬਲਜ਼" ਨਾਮ ਦੀ ਫਾਰਮੇਸੀ ਯੂਨਿਟ ਸਥਾਪਿਤ ਕੀਤੀ ਹੋਈ ਹੈ ਜਿੱਥੇ 25 ਤੋਂ ਵੱਧ ਦੇਸੀ ਦਵਾਈਆਂ ਅਤੇ ਰੋਜ਼ਾਨਾ ਵਰਤਨ ਵਾਲੀਆਂ ਚੀਜ਼ਾਂ ਤਿਆਰ ਕੀਤੀਆਂ ਜਾਂਦੀਆਂ ਹਨ।

**ਡਾ. ਪਰਵਿੰਦਰ ਸਿੰਘ**- ਆਪ ਖਾਲਸਾ ਕਾਲਜ ਮਾਹਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਿਸੀਪਲ ਹਨ। ਆਪ ਦਾ ਪਿੰਡ ਮਾਹਲਪੁਰ ਦੇ ਨੇੜੇ ਸੁਭਾਨਪੁਰ ਹੈ। ਆਪ ਨੇ ਗਣਿਤ ਵਿਸ਼ੇ ਵਿੱਚ ਪੋਸਟਗ੍ਰੂਜੂਏਸ਼ਨ ਅਤੇ ਡਾਕਟਰੇਟ ਕੀਤੀ ਹੈ। ਇਹ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ ਕਿ ਮਾਹਲਪੁਰ ਦਾ ਇਲਾਕਾ ਜੱਟ ਬਰਾਦਰੀ ਦੀ ਬਹੁਗਿਣਤੀ ਵਾਲਾ ਹੈ ਅਤੇ ਸੈਣੀਆਂ ਦੀ ਅਬਾਦੀ ਨਗੂਣੀ ਹੈ।

**ਸ਼੍ਰੀਮਤੀ ਸਤਵਿੰਦਰ ਕੌਰ**- ਆਪ ਰੋਪੜ ਵਿਖੇ ਚਾਈਲਡ ਡਵੈਲਪਮੈਂਟ ਪ੍ਰਾਜੈਕਟ ਅਫਸਰ ਹਨ।

**ਡਾ.ਜਸਦੀਪ ਸਿੰਘ**- ਆਪ ਪ੍ਰਸਿੱਧ ਨਿਊਰੋਸਰਜਨ ( ਡਾਕਟਰ) ਹਨ ਅਤੇ ਸਾਬਕਾ ਮੁੱਖ ਖੇਤੀਬਾੜੀ ਅਫਸਰ ਡਾ. ਸੁਖਦੇਵ ਸਿੰਘ ਬਲਾਚੌਰ ਦੇ ਪੁੱਤਰ ਹਨ ਜੋ ਸੈਣੀ ਭਵਨ ਰੂਪਨਗਰ ਨਾਲ ਬਹੁਤ ਪਹਿਲਾਂ ਤੋਂ ਜੁੜੇ ਹੋਏ ਹਨ।

**ਸ. ਬਲਬੀਰ ਸਿੰਘ ਨੰਗਲ**- ਆਪ ਪ੍ਰਸਿੱਧ ਕਵੀ ਅਤੇ ਕਹਾਣੀਕਾਰ ਹਨ ਜਿਸ ਲਈ ਉਨ੍ਹਾਂ ਨੂੰ ਹਰਿਆਣਾ ਸਾਹਿਤ ਅਕੈਡਮੀ ਅਤੇ ਹੋਰ ਕਈ ਸਾਹਿਤ ਸਭਾਵਾਂ ਤੇ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਆਪ ਪੰਜਾਬੀ ਦੇ ਸਾਹਿਤਿਕ ਮੈਗਜ਼ੀਨ " ਸੂਲ ਸੁਰਾਹੀ" ਦੇ ਸੰਪਾਦਕ ਅਤੇ 'ਸੈਣੀ ਸੰਸਾਰ' ਮੈਗਜ਼ੀਨ ਦੀ ਸੰਪਾਦਕੀ ਟੀਮ ਦੇ ਮੈਂਬਰ ਹਨ।

**ਸ਼੍ਰੀਮਤੀ ਮਨਜੀਤ ਕੌਰ ਅੰਬਾਲਵੀ**- ਆਪ ਹਰਿਆਣਾ ਰਾਜ ਦੇ ਸਿੱਖਿਆ ਮਹਿਕਮੇ 'ਚੋਂ ਅਧਿਆਪਕ ਰਿਟਾਇਰ ਹੋਏ ਹਨ ਅਤੇ ਬਹੁਤ ਅਗਾਂਹਵਧੂ ਸਾਹਿਤਕਾਰ ਹਨ। ਆਪ ਨੂੰ ਹਰਿਆਣਾ ਸਰਕਾਰ ਨੇ ਸਾਹਿਤ ਅਕੈਡਮੀ ਐਵਾਰਡ ਨਾਲ ਸਨਮਾਨਿਤ ਕੀਤਾ ਹੈ।

**ਸ਼੍ਰੀਮਤੀ ਅਮਨਪ੍ਰੀਤ ਕੌਰ**- ਆਪ ਸ.ਪ੍ਰਾਇਮਰੀ ਸਕੂਲ ਸ਼ਾਮਪੁਰਾ ਵਿਖੇ ਪੜ੍ਹਾਉਂਦੇ ਹਨ। ਆਪ ਬਹੁਤ ਮਿਹਨਤੀ ਅਧਿਆਪਕ, ਕਲਾਕਾਰ ਅਤੇ ਸਮਾਜਸੇਵੀ ਹਨ ਜਿਸ ਕਾਰਨ ਆਪ ਨੂੰ ਜ਼ਿਲ੍ਹਾ ਸਿੱਖਿਆ ਅਫਸਰ , ਡਿਪਟੀ ਕਮਿਸ਼ਨਰ, ਪ੍ਰਫਾਰਮਰਜ਼ ਐਸੋਈਏਸ਼ਨ ਪੰਜਾਬ ਅਤੇ ਰੋਟਰੀ ਕਲੱਬ ਰੂਪਨਗਰ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

**ਦਿਲਪੁਨੀਤ ਸਿੰਘ**- ਰੂਪਨਗਰ ਸ਼ਹਿਰ ਦੇ ਵਾਸੀ ਇਸ ਵਿਦਿਆਰਥੀ ਨੇ ਬਹੁਤ ਘੱਟ ਸਮੇਂ ਦੀ ਸਿਖਲਾਈ ਨਾਲ ਹੀ ਨੈਸ਼ਨਲ ਚੈਂਪੀਅਨਸ਼ਿਪ ਦੇ ਏਅਰਪਿਸਟਲ ਮੁਕਾਬਲੇ ਵਿੱਚ ਸੋਨ ਤਮਗਾ ਹਾਸਿਲ ਕੀਤਾ ਹੈ। ਉਹ ਬਾਹਰਵੀਂ ਸ਼੍ਰੇਣੀ ਦਾ ਵਿਦਿਆਰਥੀ ਹੈ।

**ਸ਼੍ਰੀਮਤੀ ਅਮਨਪ੍ਰੀਤ ਕੌਰ ਸੈਣੀ**- ਰੂਪਨਗਰ ਜ਼ਿਲ੍ਹੇ ਦੇ ਪਿੰਡ ਮਲਿਕਪੁਰ ਦੇ ਸ.ਜੀਤ ਸਿੰਘ ਦੀ ਇਸ ਧੀ ਨੇ ਪੀ.ਟੀ.ਸੀ. ਦੇ ਐਂਕਰ-ਕਮ-ਰਿਪੋਰਟਰ ਵਜੋਂ ਕੰਮ ਕਰਦਿਆਂ ਚੰਗਾ ਨਾਮਣਾ ਖੱਟਿਆ ਹੈ।ਉਹ ਖਰੜ ਵਿਖੇ ਰਹਿੰਦੇ ਹਨ।

**ਸ਼੍ਰੀਮਤੀ ਅੰਜੂ ਬਾਲਾ**- ਸੈਣੀ ਭਵਨ ਦੇ ਬਿਊਟੀਸ਼ੀਅਨ ਸੈਂਟਰ ਦੀ ਇਹ ਅਧਿਆਪਕਾ ਬਹੁਪੱਖੀ ਸਖਸ਼ੀਅਤ ਦੀ ਮਾਲਕ ਹੈ। ਜਿੱਥੇ ਉਹ ਆਪਣੇ ਸਿਖਿਆਰਥੀਆਂ ਨੂੰ ਬਹੁਤ ਵਧੀਆ ਢੰਗ ਨਾਲ ਸਿਖਲਾਈ ਦਿੰਦੀ ਹੈ ਉੱਥੇ ਸੈਣੀ ਭਵਨ ਦੇ ਸਮਾਗਮਾ ਲਈ ਸੱਭਿਆਚਾਰਕ ਆਇਟਮਾਂ ਵੀ ਤਿਆਰ ਕਰਵਾਉਂਦੀ ਹੈ।

**ਗਾਇਕ ਹਰਮਿੰਦਰ ਨੂਰਪੁਰੀ**- ਨੂਰਪੁਰ ਬੇਦੀ ਦੇ ਨਜ਼ਦੀਕ ਪਿੰਡ ਥਾਣਾ ਦੇ ਇਸ ਗਾਇਕ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਗੀਤ-ਸੰਗੀਤ ਖੇਤਰ ਵਿੱਚ ਆਪਣੀ ਅਲੱਗ ਪਛਾਣ ਬਣਾ ਲਈ ਹੈ। ਆਪ ਦੀ ਗਾਇਕੀ ਸਾਫ-ਸੁਥਰੀ ਅਤੇ ਸੱਭਿਆਚਾਰਕ ਗੁਣਾ ਨਾਲ ਭਰਪੂਰ ਹੈ।

**ਗਾਇਕ ਕੁਲਬੀਰ ਸਿੰਘ ਸੈਣੀ**- ਆਪ ਪਨਸਪ ਵਿਭਾਗ ਵਿੱਚ ਨੌਕਰੀ ਕਰਦੇ ਹਨ ਅਤੇ ਸ਼ੌਕੀਆ ਗਾਇਕੀ ਕਰਦੇ ਹਨ। ਆਪ ਦੀ ਕਵਿਤਾ ਸੋਹਜਵਾਦੀ ਅਤੇ ਸਿੱਖਿਆਦਾਇਕ ਹੁੰਦੀ ਹੈ।

**ਪ੍ਰਸ਼ਨੋਤਰੀ ਦੇ ਜੇਤੂ- ਸ. ਗਗਨਦੀਪ ਸਿੰਘ** ਪੁੱਤਰ ਸ.ਸੁਰਿੰਦਰ ਸਿੰਘ,ਹਵੇਲੀ ਕਲਾਂ: **ਸ਼੍ਰੀਮਤੀ ਬਲਬੀਰ ਕੌਰ ਸੈਣੀ** ਪਤਨੀ ਸ. ਜਸਵਿੰਦਰ ਸਿੰਘ, ਹੁਸ਼ਿਆਰਪੁਰ ਅਤੇ **ਸ਼੍ਰੀਮਤੀ ਗੁਰਵਿੰਦਰ ਕੌਰ** ਪਤਨੀ ਸ. ਅਮਰੀਕ ਸਿੰਘ ਸ਼ੇਖਾਂ ਮੁਹੱਲਾ ਰੂਪਨਗਰ।

**ਉੱਤਮ ਸਿਖਿਆਰਥਣ ਸੁਖਪ੍ਰੀਤ ਕੌਰ**- ਸੈਣੀ ਭਵਨ ਦੇ ਸਿਲਾਈ-ਕਢਾਈ ਸਕੂਲ ਦੀ ਸਿਖਿਆਰਥਣ ਅਤੇ ਸ.ਗੁਰਸ਼ਰਨ ਸਿੰਘ ਦੀ ਪੁੱਤਰੀ ਜਿਸ ਦੀ ਸਾਲ 2017-18 ਵਿੱਚ ਹਾਜ਼ਰੀ 96% ਅਤੇ ਕਾਰਗੁਜ਼ਾਰੀ ਵਧੀਆ ਰਹੀ ਹੈ।

**ਵਧੀਆ ਸੇਵਾਦਾਰ ਸ੍ਰੀ ਦਰਸ਼ਨ ਸਿੰਘ**- ਇਹ ਸੈਣੀ ਭਵਨ ਦਾ ਕੇਅਰਟੇਕਰ ਹੈ ਜੋ ਕਰੀਬ ਵੀਹ ਸਾਲ ਤੋਂ ਇਸ ਸੰਸਥਾ ਦੀ ਸੇਵਾ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕਰਦਾ ਆ ਰਿਹਾ ਹੈ।

**ਮਤੇ :**

ਸੰਮੇਲਨ ਦੌਰਾਨ ਸੈਣੀ ਬਰਾਦਰੀ ਅਤੇ ਸਮਾਜ ਦੀ ਭਲਾਈ ਲਈ ਹੇਠ ਲਿਖੇ ਮਤੇ ਪਾਸ ਕੀਤੇ ਗਏ :-

ਸੈਣੀ ਬਰਾਦਰੀ ਵਿੱਚ ਪੜ੍ਹੇ-ਲਿਖੇ, ਮਿਹਨਤੀ ਅਤੇ ਤਜ਼ੁਰਬੇਕਾਰ ਵਿਅਕਤੀਆਂ ਦੀ ਕੋਈ ਘਾਟ ਨਹੀਂ ਹੈ। ਇਸ ਦੇ ਬਾਵਜੂਦ ਹਰ ਰਾਜਨੀਤਿਕ ਪਾਰਟੀ ਦੀ ਸਰਕਾਰ ਵਲੋਂ ਭਿੰਨ ਭਿੰਨ ਅਦਾਰਿਆਂ ਵਿੱਚ ਮੈਂਬਰ ਨਾਮਜ਼ਦ ਕਰਨ ਸਮੇਂ ਇਨ੍ਹਾਂ ਨੂੰ ਬਿਲਕੁਲ ਹੀ ਅਣਗੌਲਿਆਂ ਕੀਤਾ ਜਾਂਦਾ ਹੈ। ਇਹ ਘੋਰ ਬੇਇਨਸਾਫੀ ਅਤੇ ਵਿਤਕਰਾ ਹੈ। ਇਹ ਮੰਗ ਕੀਤੀ ਜਾਂਦੀ ਹੈ ਕਿ ਸੈਣੀ ਬਰਾਦਰੀ ਦੇ ਯੋਗ ਵਿਅਕਤੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ, ਭਿੰਨ ਭਿੰਨ ਬੋਰਡਾਂ, ਕਾਰਪੋਰੇਸ਼ਨਾਂ, ਇਮਪਰੂਵਮੈਂਟ ਟਰਸਟਾਂ ਅਤੇ ਚੋਣ ਕਮੇਟੀਆਂ ਵਿੱਚ ਇਸ ਦੀ ਆਬਾਦੀ ਅਨੁਸਾਰ ਬਣਦੀ ਪ੍ਰਤਿਨਿਧਤਾ ਦਿੱਤੀ ਜਾਵੇ।

**ਪੰਜਾਬੀ ਸਮਾਜ ਦੀਆਂ ਬੁਰਾਈਆਂ / ਸਮੱਸਿਆਵਾਂ –** ਵਿਗਿਆਨ ਤੇ ਤਕਨਾਲੋਜੀ ਦੀ ਤਰੱਕੀ ਨੇ ਸਮਾਜ ਨੂੰ ਅਨੇਕ ਪ੍ਰਕਾਰ ਦੀਆਂ ਨਵੀਆਂ ਸੁੱਖ-ਸਹੂਲਤਾਂ ਉਪਲਭਧ ਕਰਵਾਈਆਂ ਹਨ ਜਿਨ੍ਹਾਂ ਨੇ ਮਨੁੱਖੀ ਜੀਵਨ ਨੂੰ ਸੁਖੱਲਾ ਬਣਾਇਆ ਹੈ ਪਰ ਇਨ੍ਹਾਂ ਦੀ ਦੁਰਵਰਤੋਂ ਨਾਲ ਨਵੀਆਂ ਸਮਾਜਿਕ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ।ਪੰਜਾਬੀ ਸਮਾਜ ਵੀ ਅਜਿਹੀਆਂ ਕਈ ਬੁਰਾਈਆਂ ਦਾ ਸ਼ਿਕਾਰ ਹੈ

ਜਿਨ੍ਹਾਂ ਨੂੰ ਜੇ ਸਮੇਂ ਸਿਰ ਨੱਥ ਨਾ ਪਾਈ ਗਈ ਤਾਂ ਗੰਭੀਰ ਸਿੱਟੇ ਨਿਕਲ ਸਕਦੇ ਹਨ।

**ਆਵਾਜ਼ ਪ੍ਰਦੂਸ਼ਣ–** ਵਿਗਿਆਨੀਆਂ ਅਨੁਸਾਰ ਇੱਕ ਹੱਦ ਤੋਂ ਵਧੀ ਆਵਾਜ਼ ਮਨੁੱਖੀ ਕੰਨ ਤੇ ਦਿਮਾਗ ਲਈ ਘਾਤਕ ਹੈ। ਵਧੀ ਹੋਈ ਮਨੁੱਖੀ ਆਬਾਦੀ ਨਾਲ ਆਵਾਜਾਈ ਦੇ ਸਾਧਨਾਂ ਵਿੱਚ ਵਾਧੇ ਅਤੇ ਮਨੋਰੰਜਨ ਦੇ ਨਵੇਂ ਸਾਧਨਾਂ ਨਾਲ ਹਰ ਪਾਸੇ ਰੌਲਾ ਬਹੁਤ ਵਧ ਗਿਆ ਹੈ।ਸ਼ਕਤੀਸ਼ਾਲੀ ਹਾਰਨਾਂ, ਪਾਵਰਫੁੱਲ ਸਪੀਕਰਾਂ ਨੇ ਆਵਾਜ਼ ਦੀ ਹੱਦ ਨੂੰ ਪਾਰ ਕਰ ਦਿੱਤਾ ਹੈ।ਇਸ ਲਈ ਲੋੜ ਹੈ ਕਿ ਵਾਹਨਾਂ ਦੇ ਹਾਰਨਾਂ ਅਤੇ ਡੀ.ਜੇ. ਦੇ ਸਪੀਕਰਾਂ ਦੀ ਆਵਾਜ਼ ਨੂੰ ਘੱਟ ਤੋਂ ਘੱਟ ਰੱਖਿਆ ਜਾਵੇ।ਇਸ ਸਬੰਧੀ ਸਰਕਾਰ ਵਲੋਂ ਪਾਬੰਦੀਆਂ ਵੀ ਲਗਾਈਆਂ ਗਈਆਂ ਹਨ।ਸਾਡਾ ਸਭ ਦਾ ਫਰਜ਼ ਹੈ ਕਿ ਅਸੀਂ ਇਨ੍ਹਾਂ ਦੀ ਪਾਲਣਾ ਕਰੀਏ ਤਾਂ ਜੋ ਆਵਾਜ਼ ਪ੍ਰਦੂਸ਼ਣ ਨੂੰ ਘਟਾਇਆ ਜਾ ਸਕੇ।

**ਸੱਭਿਆਚਾਰਕ ਪ੍ਰਦੂਸ਼ਣ–** ਮਨੋਰੰਜਨ ਦੇ ਨਵੇਂ ਸੰਚਾਰ ਸਾਧਨਾਂ ਨੇ ਸੰਗੀਤ ਦਾ ਘੇਰਾ ਬਹੁਤ ਵਿਸ਼ਾਲ ਕਰ ਦਿੱਤਾ ਹੈ।ਇਸ ਨਾਲ ਵਿਸ਼ਵ ਭਰ ਦੇ ਸੱਭਿਆਚਾਰਾਂ ਦਾ ਮਿਲਗੋਭਾ ਬਣ ਗਿਆ ਹੈ।ਇਸ ਵਰਤਾਰੇ ਨੇ ਪੰਜਾਬੀ ਸੱਭਿਆਚਾਰ ਨੂੰ ਸਭ ਤੋਂ ਵੱਧ ਪੁਲੀਤ ਕੀਤਾ ਹੈ। ਪੰਜਾਬੀ ਗੀਤਾਂ ਵਿੱਚ ਹਥਿਆਰਾਂ ਤੇ ਨਸ਼ਿਆਂ ਦੀ ਬੇਰੋਕ ਵਰਤੋਂ ਅਤੇ ਅਸ਼ਲੀਲ ਸ਼ਬਦਾਵਲੀ ਨੇ ਪੰਜਾਬੀ ਸਮਾਜ ਵਿੱਚ ਗੈਂਗਵਾਦ ਨੂੰ ਜਨਮ ਦਿੱਤਾ ਹੈ ਜੋ ਕਿ ਬਹੁਤ ਹਾਨੀਕਾਰਕ ਹੈ।ਇਨ੍ਹਾਂ ਨੂੰ ਤੁਰੰਤ ਠੱਲ੍ਹ ਪਾਉਣ ਦੀ ਲੋੜ ਹੈ।ਇਸ ਸਬੰਧੀ ਸਰਕਾਰ ਵਲੋਂ ਕੁੱਝ ਉਪਰਾਲੇ ਕੀਤੇ ਜਾ ਰਹੇ ਹਨ। ਸਾਨੂੰ ਸਭ ਨੂੰ ਇਸ ਗੰਭੀਰ ਸਮੱਸਿਆ ਦਾ ਸਮਾਧਾਨ ਕਰਨ ਲਈ ਰਲ ਕੇ ਹੰਭਲਾ ਮਾਰਨਾ ਚਾਹੀਦਾ ਹੈ।

**ਫਜ਼ੂਲ ਖਰਚੀ–** ਨਵੇਂ ਖਪਤਕਾਰੀ ਸੱਭਿਆਚਾਰ ਨੇ ਪੰਜਾਬੀ ਸਮਾਜ ਨੂੰ ਵੀ ਬੁਰੀ ਤਰ੍ਹਾਂ ਗ੍ਰਸ ਲਿਆ ਹੈ।ਇਸ ਦੇ ਨਾਲ ਹੀ ਖੋਖਲੇ ਵਿਖਾਵੇ ਵੀ ਬਹੁਤ ਵਧ ਗਏ ਹਨ।ਇਸ ਨਾਲ ਸਮਾਜ ਦੇ ਖਾਂਦੇ-ਪੀਂਦੇ ਵਰਗ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਪਰ ਨਿਮਨ ਮੱਧਵਰਗ ਆਮਦਨ ਦੇ ਘੱਟ ਸਾਧਨਾਂ ਦੇ ਬਾਵਜੂਦ ਉੱਪਰਲਿਆਂ ਦੀ ਰੀਸ ਕਰਦਿਆਂ ਵਿਆਹਾਂ ਤੇ ਹੋਰ ਸਮਾਗਮਾਂ ਅਤੇ ਐਸ਼ੋਆਰਾਮ ਦੀਆਂ ਬੇਲੋੜੀਆਂ ਵਸਤਾਂ ਖਰੀਦਣ ਲਈ ਲਏ ਕਰਜ਼ਿਆਂ ਹੇਠ ਦੱਬਿਆ ਜਾ ਰਿਹਾ ਹੈ।ਇਸ ਦੇ ਨਤੀਜੇ ਵਜੋਂ ਕਿਸਾਨ-ਖੁਦਕੁਸ਼ੀਆਂ ਅਤੇ ਲੁੱਟ-ਖਸੁੱਟ ਵਿੱਚ ਵਾਧਾ ਹੋ ਰਿਹਾ ਹੈ।ਇਸ ਨਵੇਂ ਰੁਝਾਨ ਨਾਲ ਪੰਜਾਬੀ ਸਮਾਜ ਬੁਰੀ ਤਰ੍ਹਾਂ ਮਧੋਲਿਆ ਗਿਆ ਹੈ।ਇਸ ਲਈ ਫਜ਼ੂਲ ਖਰਚੀਆਂ ਘੱਟ ਕਰਨ ਦੀ ਤੁਰੰਤ ਲੋੜ ਹੈ ਜਿਸ ਲਈ ਪਹਿਲ ਪੜ੍ਹੇ ਲਿਖੇ ਤੇ ਚੇਤੰਨ ਵਰਗ ਦੇ ਲੋਕਾਂ ਨੂੰ ਕਰਨੀ ਚਾਹੀਦੀ ਹੈ।

**ਬੇਰੁਜ਼ਗਾਰੀ–** ਸਰਕਾਰਾਂ ਦੀਆਂ ਨੁਕਸਦਾਰ ਨੀਤੀਆਂ ਕਾਰਨ ਪੰਜਾਬ ਵਿੱਚ ਵਿੱਚੋਂ ਰਵਾਇਤੀ ਘਰੇਲੂ ਉਦਯੋਗ ਖਤਮ ਹੋਣ ਦੇ ਕਿਨਾਰੇ ਹਨ।ਇਸ ਤੋਂ ਇਲਾਵਾ ਭਾਰੇ ਉਦਯੋਗ ਅਤੇ ਨਵੀਂ ਆਈ.ਟੀ. ਇੰਡਸਟਰੀ ਵੀ ਨਾਮਾਤਰ ਹੈ।ਇਸ ਲਈ ਪੰਜਾਬ ਦੇ ਨੌਜਵਾਨਾਂ ਲਈ ਇੱਥੇ ਕਮਾਈ ਦੇ ਸਾਧਨ ਸੀਮਿਤ ਹਨ।ਖੇਤੀ ਦਾ ਕਿੱਤਾ ਵੀ ਲਾਭਕਾਰੀ ਨਹੀਂ ਰਿਹਾ।ਇਸ ਪਕਾਰਨ ਹਰ ਵਰਗ ਦਾ ਨੌਜਵਾਨ ਵਿਦੇਸ਼ ਜਾਣ ਲਈ ਤਿਆਰ ਹੈ।ਜੇ ਬੁੱਧੀ-ਨਿਕਾਸ ਦਾ ਇਹ ਸਿਲਸਿਲਾ ਜਾਰੀ ਰਿਹਾ ਤਾਂ ਪੰਜਾਬ ਬੌਧਿਕ ਪੱਖੋਂ ਦਿਵਾਲੀਆ ਹੋ ਜਾਵੇਗਾ।ਇਸ ਨਾਲ ਨਸ਼ਿਆਂ ਦੀ ਬਿਮਾਰੀ ਹੋਰ ਵਧੇਗੀ ਅਤੇ ਗੈਂਗਵਾਦ ਨੂੰ ਉਤਸ਼ਾਹ ਮਿਲੇਗਾ। ਇਸ ਨਾਲ ਉਤਪਾਦਨ ਘਟ ਜਾਵੇਗਾ ਅਤੇ ਸੂਬਾ ਦੂਜੀਆਂ ਕੌਮਾਂ ਦੀ ਮਨੁੱਖੀ ਸ਼ਕਤੀ 'ਤੇ ਨਿਰਭਰ ਹੋ ਜਾਏਗਾ। ਇਸ ਲਈ ਪੰਜਾਬ ਸਰਕਾਰ ਨੂੰ ਪ੍ਰਾਂਤ ਵਿੱਚ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

**ਭਾਰਤ** ਇੱਕ ਬਹੁਸੱਭਿਆਚਾਰਕ ਦੇਸ਼ ਹੈ ਜਿਸ ਵਿੱਚ ਭਿੰਨ ਭਿੰਨ ਧਰਮਾਂ, ਜਾਤਾਂ ਅਤੇ ਰਸਮੋ-ਰਿਵਾਜਾਂ ਵਾਲੇ ਲੋਕ ਰਹਿੰਦੇ ਹਨ।ਇਸ ਦੇਸ਼ ਦੀ ਤਰੱਕੀ ਵਿੱਚ ਸਭਨਾ ਦਾ ਬਰਾਬਰ ਯੋਗਦਾਨ ਹੈ। ਖੇਤਰ ਭਾਵੇਂ ਖੇਡਾਂ ਦਾ ਹੋਵੇ ਜਾਂ ਦੇਸ਼ ਦੀ ਸੁਰੱਖਿਆ ਦਾ, ਸਾਰੇ ਭਾਰਤੀ ਦੇਸ਼ਭਗਤੀ ਦੀ ਭਾਵਨਾ ਨਾਲ ਜਾਨ ਮਾਰਦੇ ਹਨ।ਇਹ ਇੱਕਮੁੱਠਤਾ ਹੀ ਇਸ ਦੇਸ਼ ਦੀ ਮਹਾਨਤਾ ਦੀ ਪ੍ਰਤੀਕ ਹੈ।ਇਸ ਭਾਵਨਾ ਨੂੰ ਕਾਇਮ ਰੱਖਣ ਲਈ ਧਾਰਮਿਕ ਸਹਿਨਸ਼ੀਲਤਾ ਅਤੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਜ਼ਰੂਰੀ ਹੈ।ਪਿਛਲੇ ਕੁੱਝ ਸਾਲਾਂ ਤੋਂ ਬਹੁਗਿਣਤੀ ਭਾਈਚਾਰੇ ਵਲੋਂ ਦੇਸ਼ਭਗਤੀ ਨੂੰ ਇੱਕਪਾਸੜ ਨਜ਼ਰੀਏ ਤੋਂ ਪ੍ਰਭਾਸ਼ਿਤ ਕਰਕੇ ਵੱਖਰੇ ਵਿਚਾਰਾਂ ਵਾਲੇ ਵਿਅਕਤੀਆਂ ਨੂੰ ਦੇਸ਼ਧ੍ਰੋਹੀ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਿ ਉਚਿਤ ਨਹੀਂ ਹੈ।ਇਸ ਨਾਲ ਘੱਟਗਿਣਤੀ ਫਿਰਕੇ ਦੇ ਲੋਕਾਂ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਹੋਵੇਗੀ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਬਣ ਸਕਦੀ ਹੈ।ਦੇਸ਼ ਦੇ ਵਿਚਾਰਵਾਨਾਂ ਅਤੇ ਸ਼ੁੱਭਚਿੰਤਕਾਂ ਨੂੰ ਇਸ ਰੁਝਾਨ ਨੂੰ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ।ਇਹ ਹੀ ਸੱਚੀ ਦੇਸ਼ਭਗਤੀ ਹੈ।

**ਰੂਪਨਗਰ** ਇੱਕ ਇਤਿਹਾਸਕ ਸ਼ਹਿਰ ਹੈ ਜਿਸ ਨੂੰ ਕੁਦਰਤ ਨੇ ਭਰਪੂਰ ਸੁੰਦਰਤਾ ਬਖਸ਼ੀ ਹੈ।ਇਸ ਦੇ ਉੱਤਰ ਵੱਲ ਵਗਦਾ ਸਤਲੁਜ, ਉੱਤਰ-ਪੂਰਬ ਵਿੱਚ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਨਹਿਰਾਂ ਇਸ ਦੀ ਖੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਨ।ਇਸ ਦੇ ਬਾਵਜੂਦ ਇਸ ਸ਼ਹਿਰ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਨਹੀਂ ਕੀਤਾ ਗਿਆ।ਸਗੋਂ ਪਹਿਲਾਂ ਮੌਜੂਦ ਦਰਿਆ ਦੇ ਕੰਢੇ ਸਥਿਤ ਪਿੰਕਾਸ਼ੀਆ ਹੋਟਲ ਅਤੇ ਬੋਟ ਕਲੱਬ ਨੂੰ ਬੰਦ ਕਰ ਦਿੱਤਾ ਗਿਆ ਹੈ ਜਿਸ ਨਾਲ ਇਸ ਸ਼ਹਿਰ ਦੀ ਸੈਲਾਨੀ-ਖਿੱਚ ਨੂੰ ਬਹੁਤ ਨੁਕਸਾਨ ਪਹੁੰਚਿਆ ਹੈ।ਇਸ ਥਾਂ ਨੂੰ ਨਵੇਂ ਢੰਗ ਨਾਲ ਵਿਕਸਿਤ ਕਰਨਾ ਅਤਿ ਜ਼ਰੂਰੀ ਹੈ।ਇਸ ਤੋਂ ਇਲਾਵਾ ਸਰਹੰਦ ਨਹਿਰ ਦੇ ਦੋਵੇਂ ਕਿਨਾਰਿਆਂ ਨੂੰ ਪੱਕੇ ਕਰ ਕੇ ਇਨ੍ਹਾਂ ਨੂੰ ਫੁੱਲਦਾਰ ਬੂਟਿਆਂ ਅਤੇ ਛਾਂਦਾਰ

ਦਰਖਤਾਂ ਨਾਲ ਸ਼ਿਗਾਰ ਕੇ ਇਸ ਦੀ ਦਿੱਖ ਨੂੰ ਦਿਲਖਿੱਚਵੀਂ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਸਮਾਗਮ ਵਿੱਚ ਪਹੁੰਚੇ ਵਿਸ਼ੇਸ਼ ਮਹਿਮਾਨ ਇੰਜ. ਭਗਵਾਨ ਸਿੰਘ ਪੰਚਕੂਲਾ ਨੇ ਵੀ ਸੰਸਥਾ ਨੂੰ 51000/- ਰੁਪਏ ਦਾ ਦਾਨ ਦਿੱਤਾ। ਸਮਾਗਮ ਨੂੰ ਸਹਿਤਕਾਰ ਕਮਲਜੀਤ ਸਿੰਘ ਬਨਵੈਤ, ਅਜੀਤਕਮਲ ਸਿੰਘ ਹਮਦਰਦ, ਅਵਤਾਰ ਸਿੰਘ ਮਹਿਤਪੁਰੀ, ਬਲਬੀਰ ਸਿੰਘ ਨੰਗਲ ਤੋਂ ਇਲਾਵਾ ਨਰਿੰਦਰ ਸੈਣੀ ਲਾਲੀ ਪ੍ਰਧਾਨ ਸੈਣੀ ਯੂਥ ਫੈਡਰੇਸ਼ਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪ੍ਰਸਿਧ ਗਾਇਕ ਹਰਮਿੰਦਰ ਨੂਰਪੁਰੀ ਤੇ ਕੁਲਬੀਰ ਸੈਣੀ ਤੋਂ ਇਲਾਵਾ ਵਾਇਸ ਆਫ ਪੰਜਾਬ ਦੇ ਗਾਇਕ ਹਰਜਿੰਦਰ ਸਿੰਘ ਨੂਹੋਂ ਤੇ ਸੰਸਥਾ ਦੀਆਂ ਸਿੱਖਿਆਰਥਣਾਂ ਨੇ ਗੀਤਾਂ ਤੇ ਸਭਿਆਚਾਰਕ ਪ੍ਰੋਗਰਾਮ ਰਾਹੀ ਆਪਣੀ ਹਾਜ਼ਰੀ ਲਗਵਾਈ।

ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਦੇਸ਼ ਤੇ ਸਮੂਚੇ ਸਮਾਜ ਦੀ ਸੇਵਾ ਕਰਦੇ ਹੋਏ ਆਪਣੀ ਬਰਾਦਰੀ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਇਸ ਪ੍ਰਤਿ ਸੈਣੀ ਭਵਨ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਇਸ ਮੌਕੇ ਸੈਣੀ ਭਵਨ ਦੀ ਕਾਰਗੁਜ਼ਾਰੀ ਬਾਰੇ ਰਿਪੋਰਟ ਸਕੱਤਰ ਬਲਬੀਰ ਸਿੰਘ ਨੇ ਪੇਸ਼ ਕੀਤੀ। ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ। ਸਮਾਗਮ ਨੂੰ ਸੰਸਥਾ ਦੇ ਅਹੁਦੇਦਾਰਾਂ ਸ਼੍ਰੀ ਰਾਜਿੰਦਰ ਸੈਣੀ, ਡਾ. ਜਸਵੰਤ ਕੌਰ ਸੈਣੀ, ਇੰਜ. ਕਰਨੈਲ ਸਿੰਘ,ਸ. ਗੁਰਮੁੱਖ ਸਿੰਘ ਸੈਣੀ ( ਐਮ.ਸੀ.), ਸ. ਗੁਰਮੁੱਖ ਸਿੰਘ ਲੌਂਗੀਆ, ਸ.ਰਾਮ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ। ਸੰਮੇਲਨ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲਿਆਂ- ਫਾਜ਼ਿਲਕਾ, ਨਵਾਂਸ਼ਹਿਰ, ਹੁਸ਼ਿਆਰਪੁਰ ਅਤੇ ਪੰਚਕੂਲਾ ਆਦਿ ਤੋਂ ਵੀ ਨੁਮਾਇੰਦੇ ਸ਼ਾਮਲ ਹੋਏ।

### ''ਸੈਣੀ ਸੰਸਾਰ'' ਦੇ 29ਵੇਂ ਅੰਕ ਦਾ ਰਿਲੀਜ਼

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ) ਵਲੋਂ ਪ੍ਰਕਾਸ਼ਿਤ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 29ਵਾਂ ਅੰਕ ਵੀ 36 ਵੇਂ ਸਾਲਾਨਾ ਸੈਣੀ ਸੰਮੇਲਨ ਦੌਰਾਨ ਰਿਲੀਜ਼ ਕੀਤਾ ਗਿਆ। ਇਸ ਨੂੰ ਰਿਲੀਜ਼ ਕਰਨ ਦੀ ਰਸਮ ਮੁੱਖ ਮਹਿਮਾਨ ਸ. ਤਰਲੋਚਨ ਸਿੰਘ ਸੈਣੀ ''ਬਿੱਟੂ'' ਚੇਅਰਮੈਨ ਸਿਲਵਰ ਓਕ ਇੰਟਰਨੈਸ਼ਨਲ ਸੀ. ਸੈਕ. ਸਕੂਲ ਟਾਡਾ ਉੜਮੜ (ਹੁਸ਼ਿਆਰਪੁਰ), ਵਿਸ਼ੇਸ਼ ਮਹਿਮਾਨ ਇੰਜ. ਭਗਵਾਨ ਸਿੰਘ ਪੰਚਕੂਲਾ ਅਤੇ ਹਾਜ਼ਰ ਸਫ਼ਲ ਸੈਣੀ ਸਖਸ਼ੀਅਤਾਂ ਨੇ ਅਦਾ ਕੀਤੀ। ਇਸ ਮੌਕੇ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਚੀਫ ਐਡੀਟਰ ਮੈਗਜ਼ੀਨ ''ਸੈਣੀ ਸੰਸਾਰ'' ਨੇ ਮੈਗਜ਼ੀਨ ਨਾਲ ਲਗਾਤਾਰ ਜੁੜੇ ਰਹਿਣ ਲਈ ਪਾਠਕਾਂ ਦਾ ਧੰਨਵਾਦ ਕੀਤਾ ਅਤੇ ''ਸੈਣੀ ਸੰਸਾਰ'' ਮੈਗਜ਼ੀਨ ਲਈ ਵੱਧ ਤੋਂ ਵੱਧ ਆਪਣੇ ਸਮਾਜ ਸੁਧਾਰਕ ਲੇਖ ਭੇਜਣ ਲਈ ਆਖਿਆ। ਇਸ ਮੌਕੇ ਮੈਗਜ਼ੀਨ ''ਸੈਣੀ ਸੰਸਾਰ'' ਦੇ ਪਾਠਕਾਂ ਸ. ਗਗਨਦੀਪ ਸਿੰਘ ਪੁੱਤਰ ਸ. ਸੁਰਿੰਦਰ ਸਿੰਘ, ਹਵੇਲੀ ਕਲਾਂ, ਸ਼੍ਰੀਮਤੀ ਬਲਬੀਰ ਕੌਰ ਸੈਣੀ ਪਤਨੀ ਸ. ਜਸਵਿੰਦਰ ਸਿੰਘ, ਹੁਸ਼ਿਆਰਪੁਰ ਅਤੇ ਸ਼੍ਰੀਮਤੀ ਗੁਰਵਿੰਦਰ ਕੌਰ ਪਤਨੀ ਸ. ਅਮਰੀਕ ਸਿੰਘ ''ਰਾਜੂ'' ਸ਼ੇਖਾਂ ਮੁਹੱਲਾ, ਰੂਪਨਗਰ ਨੂੰ ਪ੍ਰਸ਼ਨੋਤਰੀ ਦੇ ਸਹੀ ਉਤਰ ਦੇਣ ਲਈ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੰਸਥਾ 'ਚ ਵੱਖ ਵੱਖ ਸਿੱਖਲਾਈ ਦੇ ਕੋਰਸ ਕਰ ਰਹੀਆਂ ਉਤਮ ਵਿਦਿਆਰਥਣਾਂ ਸੁਖਪ੍ਰੀਤ ਕੌਰ ਪੁੱਤਰੀ ਸ. ਗੁਰਸ਼ਰਨ ਸਿੰਘ ਸਿਲਾਈ ਕਢਾਈ 'ਚ 96 ਫੀਸਦੀ ਹਾਜ਼ਰੀ ਲਈ ਅਤੇ ਮਰਜੀਨਾ ਖਤੂਨ ਬਿਊਟੀਸ਼ਨ ਆਰਟ ਸੈਂਟਰ ਨੂੰ ਸਨਮਾਨਿਆ ਗਿਆ। ਇਸ ਤੋਂ ਇਲਾਵਾ ਸੰਮੇਲਨ ਦੌਰਾਨ ਸਭਿਆਚਾਰਕ ਪ੍ਰੋਗਰਾਮ ਐਕਸ਼ਨ ਸਾਂਗ, ਕੋਰਿਓਗ੍ਰਾਫੀ ਤੇ ਗਿੱਧਾ ਪੇਸ਼ ਕਰਨ ਵਾਲੀਆਂ ਸਿੱਖਿਆਰਥਣਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਸਮਾਜ ਸੇਵਿਕਾ ਸ਼੍ਰੀਮਤੀ ਵਿਜੇ ਲਕਛਮੀ ਨੇ ਸਿਲਾਈ ਕਢਾਈ ਕੋਰਸ ਕਰ ਰਹੀਆਂ ਦੋ ਗਰੀਬ ਸਿੱਖਿਆਰਥਣਾਂ ਨੂੰ ਆਪਣਾ ਰੋਜ਼ਗਾਰ ਅਰੰਭ ਕਰਨ ਲਈ ਦੋ ਸਿਲਾਈ ਮਸ਼ੀਨਾਂ ਵੀ ਦਿੱਤੀਆਂ।

### ਸਿੱਖਿਆਰਥਣਾਂ ਲਈ ਯੋਗ ਦੀ ਕਲਾਸ

ਸੈਣੀ ਭਵਨ ਵਿਖੇ ਵੱਖ ਵੱਖ ਤਰਾਂ ਦੇ ਕੋਰਸ ਕਰ ਰਹੀਆਂ ਸਿੱਖਿਆਰਥਣਾਂ ਨੂੰ ਯੋਗ ਰਾਹੀ ਤੰਦਰੁਸਤ ਰਹਿਣ ਬਾਰੇ ਜਾਗਰੂਕ ਕਰਨ ਲਈ 14 ਜੂਨ 2018 ਤੋਂ ਇੱਕ ਸਪਤਾਹ ਦੀ ਯੋਗ ਕਲਾਸ ਲਗਾਈ ਗਈ। ਇਸ ਮੌਕੇ ਸੰਸਥਾ ਦੇ ਟਰੱਸਟੀ-ਕਮ-ਪੀਆਰਓ ਰਾਜਿੰਦਰ ਸੈਣੀ ਯੋਗ ਸਾਧਕ ਭਾਰਤੀਯ ਯੋਗ ਸੰਸਥਾਨ ਨੇ ਸਿੱਖਿਆਰਥਣਾਂ ਨੂੰ ਯੋਗ ਦੀ ਮਹਤੱਤਾ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੋਗ ਰਾਹੀ ਇਨਸਾਨ ਦਾ ਸਰੀਰਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਹੁੰਦਾ ਹੈ। ਉਨ੍ਹਾਂ ਪ੍ਰੇਰਣਾ ਦਿੱਤੀ ਕਿ ਹਰ ਇਨਸਾਨ ਨੂੰ ਜਿੰਦਗੀ ਵਿੱਚ ਤੰਦਰੁਸਤ ਰਹਿਣ ਲਈ ਯੋਗ ਨੂੰ ਆਪਣੀ ਜਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਸਿੱਖਿਆਰਥਣਾਂ ਨੂੰ ਯੋਗ ਦੀਆਂ ਕਿਰਿਆਵਾਂ ਆਸਣ, ਪ੍ਰਾਣਾਯਾਮ ਅਤੇ ਧਿਆਨ ਬਾਰੇ ਜਾਣਕਾਰੀ ਦਿੱਤੀ ਅਤੇ ਕਿਰਿਆਵਾਂ ਵੀ ਕਰਵਾਈਆਂ। ਸੰਸਥਾ ਵੱਲੋਂ ਇਹ ਉਪਰਾਲਾ 21 ਜੂਨ 2018 ਨੂੰ ਮਨਾਏ ਜਾ ਰਹੇ ਅੰਤਰਰਾਸ਼ਟਰੀ ਯੋਗ ਦਿਵਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੀਤਾ ਗਿਆ।

### ਸਵ: ਸ਼੍ਰੀ ਐਲ. ਆਰ. ਮੁੰਦਰਾ ਦੀ ਪਹਿਲੀ ਬਰਸੀ ਮਨਾਈ

ਸੈਣੀ ਭਵਨ ਦੇ ਸਵਰਗੀ ਚੇਅਰਮੈਨ ਅਤੇ ਬਜ਼ੁਰਗਾਂ ਦੇ ''ਅਪਣਾ ਘਰ'' ਹਵੇਲੀ ਕਲਾਂ ਦੇ ਸੰਸਥਾਪਕ ਮਹਾਂਦਾਨੀ ਤੇ ਉੱਘੇ ਸਮਾਜ ਸੇਵਕ ਸਵ: ਸ਼੍ਰੀ ਐਲ. ਆਰ. ਮੁੰਦਰਾ ਦੀ

ਪਹਿਲੀ ਬਰਸੀ 22 ਅਪ੍ਰੈਲ , 2018 ਨੂੰ ਬਜ਼ੁਰਗਾਂ ਦੇ ''ਆਪਣਾ ਘਰ''" 'ਚ ਮਨਾਈ ਗਈ। ਮੁੰਦਰਾ ਪਰਿਵਾਰ ਅਤੇ ਟਰੱਸਟ ਵਲੋ ਮਨਾਈ ਗਈ ਬਰਸੀ ਦੇ ਸਬੰਧ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਬਰਸੀ ਸਮਾਗਮ ਵਿੱਚ ਸਵ: ਸ਼੍ਰੀ ਐਲ. ਆਰ. ਮੁੰਦਰਾ ਦੀ ਸਮਾਜ ਸੇਵਾ ਵਾਲੀ ਵਿਚਾਰਧਾਰਾ ਨੂੰ ਪਿਆਰ ਤੇ ਉਤਸ਼ਾਹਿਤ ਕਰਨ ਵਾਲੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਪਤਵੰਤੇ ਵਿਅਕਤੀਆਂ ਦਾ ਸਵਾਗਤ ਕਰਦਿਆਂ ਸਵ: ਸ਼੍ਰੀ ਐਲ ਆਰ. ਮੂੰਦਰਾ ਦੇ ਵੱਖ ਵੱਖ ਖੇਤਰਾਂ 'ਚ ਨਿਸ਼ਕਾਮ ਸਮਾਜ ਸੇਵਾ ਦੇ ਕਾਰਜਾਂ ਨੂੰ ਯਾਦ ਕੀਤਾ ਅਤੇ ਬਜ਼ੁਰਗਾਂ ਦੇ ਆਪਣਾ ਘਰ ਦੀ ਚੜਦੀ ਕਲਾਂ ਲਈ ਇਸ ਨਾਲ ਤਨ ਮਨ ਧਨ ਨਾਲ ਜੁੜੇ ਸਮਾਜ ਸੇਵੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਟਰੱਸਟ ਦਾਨੀ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਲੇਟ ਸ਼੍ਰੀ ਮੁੰਦਰਾ ਦੀ ਸੋਚ ਨੂੰ ਅੱਗੇ ਵਧਾਉਂਦਾ ਰਹੇਗਾ। ਇਸ ਮੌਕੇ ਵੈਟਰਨ ਸਿਟੀਜਨ ਸ. ਗੁਰਚਰਨ ਸਿੰਘ ਬਿੰਦਰਾ ਨੇ ਸ਼੍ਰੀ ਮੁੰਦਰਾ ਦੇ ਮਿਲਾਪੜੇ ਸੁਭਾਅ ਨੂੰ ਯਾਦ ਕੀਤਾ। ਮੁੰਦਰਾ ਪਰਿਵਾਰ ਵਲੋਂ ਟਰੱਸਟੀ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ ਨੇ ਆਏ ਪਤਵੰਤੇ ਵਿਅਕਤੀਆਂ ਦਾ ਧੰਨਵਾਦ ਕੀਤਾ ਅਤੇ ਸੈਣੀ ਭਵਨ ਦੇ ਪ੍ਰਬੰਧਕਾਂ ਦੇ ਯਤਨਾਂ ਸਦਕਾ ਪਿੰਡ ਹਵੇਲੀ ਕਲਾਂ ਰੋਡ ਦਾ ਨਾਂ ਸ਼੍ਰੀ ਮੁੰਦਰਾ ਦੇ ਨਾਂ ਤੇ ਰੱਖਣ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ. ਪੀ. ਸਿੰਘ ਵਲੋਂ ਮੁੰਦਰਾ ਯਾਦਗਾਰੀ ਗੇਟ ਦੀ ਉਸਾਰੀ ਲਈ 4 ਲੱਖ ਰੁਪਏ ਦੇਣ ਦੇ ਵਾਅਦਾ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਮੁੱਖ ਤੌਰ ਤੇ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ, ਸੀਨੀਅਰ ਸਿਟੀਜ਼ਨਜ਼ ਕੌਂਸਲ ਦੇ ਪ੍ਰਧਾਨ ਇੰਜ. ਕਰਨੈਲ ਸਿੰਘ, ਸਾਬਕਾ ਯੂਥ ਕੁਆਰਡੀਨੇਟਰ ਸੁਖਦਰਸ਼ਨ ਸਿੰਘ, ਕਰਨਲ ਦਿਆਲ ਸਿੰਘ, ਕਰਨਲ ਵਿਨੋਦ ਚੌਧਰੀ, ਸਕੱਤਰ ਰੈਡ ਕਰਾਸ ਭਲਾਈ ਸਾਖਾਂ ਕਰਮਜੀਤ ਕੌਰ, ਠੇਕੇਦਾਰ ਰੋਸ਼ਨ ਸਿੰਘ, ਇੰਜ. ਹਰਜੀਤ ਸਿੰਘ ਸੈਣੀ, ਇੰਜ ਅਮਰੀਕ ਸਿੰਘ, ਦਰਸ਼ਨ ਜੈਨ, ਇੰਨਰਵੀਕਲੱਬ ਦੇ ਸਕੱਤਰ ਚੰਦਰ ਕਾਂਤਾ ਸੈਣੀ ਤੇ ਉਨ੍ਹਾ ਦੇ ਸਾਥੀ, ਐਡਵੋਕੇਰ ਚਰਨਜੀਤ ਸਿੰਘ ਘਈ, ਬਹਾਦਰਜੀਤ ਸਿੰਘ, ਜੀ. ਐਸ. ਉਭਰਾਏ, ਬਲਬੀਰ ਸਿੰਘ, ਧਰਮਪਾਲ ਆਲੂਵਾਲੀਆ, ਭਾਗ ਸਿੰਘ ਮਦਾਨ, ਗੁਰਚਰਨ ਸਿੰਘ, ਬਚਿੱਤਰ ਸਿੰਘ, ਗੁਰਮੁੱਖ ਸਿੰਘ ਲੋਂਗੀਆ, ਰਾਜਿੰਦਰ ਸਿੰਘ, ਐਮ. ਐਮ ਸਿੰਘ, ਅਮਰਜੀਤ ਸਿੰਘ, ਅਜੇ ਗਰਗ, ਜੇ. ਐਸ. ਭਾਟੀਆ, ਐਮ. ਸੀ ਸ਼ਰਮਾ, ਸੰਦੀਪ ਸਿੰਘ ਮੁੰਦਰਾ ਆਦਿ ਪਤਵੰਤੇ ਵਿਅਕਤੀ ਹਾਜ਼ਰ ਸਨ। ਸ਼੍ਰੀ ਮੁੰਦਰਾ ਬੀਤੇ ਸਾਲ 5 ਜੂਨ,2017 ਨੂੰ ਸਵਰਗ ਸੁਧਾਰ ਗਏ ਸਨ। ਉਨ੍ਹਾਂ ਵਲੋਂ ਲੋੜਵੰਦ ਬਜ਼ੁਰਗਾਂ ਲਈ ''ਆਪਣਾ ਘਰ" ਕਾਇਮ ਕੀਤਾ ਗਿਆ ਹੈ। ਉਹ ਸੈਣੀ ਭਵਨ ਦੇ ਫਾਊਂਡਰ ਪ੍ਰਧਾਨ ਸਨ ਅਤੇ ਉਨ੍ਹਾਂ ਵਲੋਂ 70 ਲੱਖ

ਬਾਕੀ ਸਫਾ 13 ਤੇ.....

## ਸੈਣੀ ਸਮਾਚਾਰ

ਸੈਣੀ ਸਮਾਜ ਸਭਾ ਕੁਰੂਕਸ਼ੇਤਰ( ਹਰਿਆਣਾ) ਵਲੋਂ 38ਵਾਂ ਸਾਲਾਨਾ ਸੰਮੇਲਨ 27 ਮਈ 2018 ਨੂੰ ਕੁਰੂਕਸ਼ੇਤਰ ਦੀ ਸੈਣੀ ਸਮਾਜ ਧਰਮਸ਼ਾਲਾ ਵਿੱਚ ਆਯੋਜਿਤ ਕੀਤਾ ਗਿਆ। ਇਸ ਵਿੱਚ ਕੇਂਦਰੀ ਮਨੁੱਖੀ ਸੰਸਾਧਨ ਵਿਕਾਸ ਮੰਤਰੀ ਸ਼੍ਰੀ ਉਪੇਂਦਰ ਕੁਸ਼ਵਾਹਾ ਮੁੱਖ ਮਹਿਮਾਨ ਵਜੋਂ ਸ਼ਾਮਿਲ



ਹੋਏ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਸ ਸਮੇਂ ਦੇਸ਼ ਦੀ ਰਾਜਨੀਤੀ ਅਤੇ ਉੱਚ ਨਿਆਂਇਕ ਅਦਾਰਿਆਂ ਵਿੱਚ ਓ.ਬੀ.ਸੀ. ਸਮਾਜ ਦੀ ਪੂਰੀ ਹਿੱਸੇਦਾਰੀ ਨਹੀਂ ਹੈ। ਮੁੱਖ ਮਹਿਮਾਨ ਨੇ ਸੈਣੀ ਸਮਾਜ ਸਭਾ ਵਲੋਂ ਦੋ ਕਰੋੜ, ਪੱਚੀ ਲੱਖ ਦੀ ਲਾਗਤ ਨਾਲ ਤਿਆਰ ਕੀਤੇ ਮਹਾਰਾਜਾ ਸ਼ੂਰਸੈਨੀ ਹਾਲ ਦਾ ਉਦਘਾਟਨ ਕੀਤਾ ਅਤੇ ਇਸ ਮਹਾਨ ਕਾਰਜ ਲਈ ਪ੍ਰਬੰਧਕਾਂ ਨੂੰ ਵਧਾਈ ਵੀ ਦਿੱਤੀ।ਇਸ ਸਮਾਗਮ ਦੀ ਪ੍ਰਧਾਨਗੀ ਹਰਿਆਣਾ ਦੇ ਕਿਰਤ ਤੇ ਰੁਜ਼ਗਾਰ ਰਾਜ ਮੰਤਰੀ ਸ਼੍ਰੀ ਨਾਇਬ ਸੈਣੀ ਨੇ ਕੀਤੀ। ਇਸ ਸਮੇਂ ਕੁਰੂਕਸ਼ੇਤਰ ਤੋਂ ਲੋਕ ਸਭਾ ਮੈਂਬਰ ਰਾਜ ਕੁਮਾਰ ਸੈਣੀ ਨੇ ਬੋਲਦਿਆਂ ਕਿਹਾ ਕਿ ਆਪਣੇ ਹੱਕਾਂ ਪ੍ਰਤਿ ਜਾਗਰੂਕ ਨਾ ਹੋਣ ਕਾਰਨ ਸੈਣੀ ਸਮਾਜ ਨੂੰ ਰਾਜਨੀਤਿਕ ਖੇਤਰ ਵਿੱਚ ਪੂਰਾ ਹੱਕ ਨਹੀਂ ਮਿਲ ਰਿਹਾ। ਲਾਡਵਾ(ਹਰਿਆਣਾ) ਹਲਕੇ ਦੇ ਐਮ.ਐਲ.ਏ. ਡਾ. ਪਵਨ ਸੈਣੀ ਨੇ ਵਿਚਾਰ ਪ੍ਰਗਟ ਕੀਤੇ ਕਿ ਕਿਸੇ ਵੀ ਸਮਾਜ ਦੇ ਵਿਕਾਸ ਲਈ ਸਿੱਖਿਆ ਬਹੁਤ ਅਹਿਮ ਹੈ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸੈਣੀ ਸਮਾਜ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਆਪਣੇ ਆਗੂਆਂ ਦੇ ਵਿਚਾਰ ਸੁਣੇ। ਇਸ ਸਮੇਂ ਸਾਬਕਾ ਸੰਸਦ ਮੈਂਬਰ ਸ.ਗੁਰਦਿਆਲ ਸਿੰਘ, ਸ਼੍ਰੀਮਤੀ ਕੈਲਾਸ਼ੋ ਸੈਣੀ, ਸ਼੍ਰੀ ਬਲਬੀਰ ਸਿੰਘ, ਸ.ਅਤਰ ਸਿੰਘ, ਸਾਬਕਾ ਵਿਧਾਇਕ ਸਾਹਿਬ ਸਿੰਘ, ਦਿਲਬਾਗ ਸਿੰਘ, ਰੋਸ਼ਨ ਲਾਲ, ਸਤਬੀਰ ਸੈਣੀ, ਮਾਇਆ ਰਾਮ ਸੈਣੀ, ਪ੍ਰਧਾਨ ਗੁਰਨਾਮ ਸਿੰਘ, ਬਲਜੀਤ ਸਿੰਘ ਅਤੇ ਸਕੱਤਰ ਕੌਸ਼ਲ ਸੈਣੀ ਵੀ ਹਾਜ਼ਿਰ ਸਨ। ਇਸ ਇਕੱਠ ਨੇ ਹਰਿਆਣਾ ਵਿੱਚ ਸੈਣੀ ਬਰਾਦਰੀ ਦੀ ਇਕਮੁੱਠਤਾ ਅਤੇ ਭਰਾਤਰੀ ਭਾਵ ਨੂੰ ਜ਼ਾਹਿਰ ਕੀਤਾ ਹੈ।

❋ ❋ ❋ ❋ ❋

ਵਿਗਿਆਨ

# ਲਾਲ ਗ੍ਰਹਿ

ਸਤਵੰਤ ਕੌਰ ਕਲੋਟੀ
ਹੁਸ਼ਿਆਰਪੁਰ



ਲਾਲ ਗ੍ਰਹਿ ਯਾਨੀ ਕਿ ਮੰਗਲ ਧਰਤੀ ਤੋਂ ਅਗਲਾ ਅਤੇ ਸੂਰਜ ਤੋਂ ਚੌਥਾ ਗ੍ਰਹਿ ਹੈ। ਆਕਾਰ ਵਿਚ ਇਹ ਸੂਰਜੀ ਮੰਡਲ ਦਾ ਦੂਜਾ ਛੋਟਾ ਗ੍ਰਹਿ ਹੈ। ਇਸ ਦਾ ਆਕਾਰ ਧਰਤੀ ਦੇ ਮੁਕਾਬਲੇ ਲਗਭਗ ਅੱਧਾ ਹੈ। ਇਸ ਦਾ ਵਿਆਸ ਮੱਧ-ਰੇਖਾ ਉੱਤੇ 6805 ਕਿਲੋਮੀਟਰ ਅਤੇ ਧਰੁਵਾਂ ਉੱਤੇ 6755 ਕਿਲੋਮੀਟਰ ਹੈ। ਇਸ ਅੰਤਰ ਦਾ ਕਾਰਣ ਇਸ ਦਾ ਆਪਣੇ ਧੁਰੇ ਦੁਆਲੇ ਤੇਜ਼ ਘੁੰਮਣ-ਵੇਗ ਹੈ। ਇਸ ਦਾ ਪੁੰਜ ਧਰਤੀ ਦੇ ਪੁੰਜ ਦੇ 10 ਫੀਸਦੀ ਨਾਲੋਂ ਮਾਮੂਲੀ ਵਧੇਰੇ (0.107 ਧਰਤੀ ਪੁੰਜਾਂ ਦੇ ਬਰਾਬਰ) ਹੈ।

ਇਹ ਇਕ ਲਾਲ ਰੰਗ ਦਾ ਚਟਾਨੀ ਗ੍ਰਹਿ ਹੈ। ਇਸ ਲਈ ਇਸ ਨੂੰ ਆਮ ਕਰਕੇ 'ਲਾਲ ਗ੍ਰਹਿ' ਵੀ ਕਿਹਾ ਜਾਂਦਾ ਹੈ। ਇਸ ਦੀ ਮਿੱਟੀ ਲੋਹੇ ਦੇ ਖਣਿਜਾਂ ਨਾਲ ਭਰਪੂਰ ਹੈ। ਲੋਹੇ ਦੇ ਆਕਸਾਈਡ ਇਸ ਨੂੰ ਖ਼ੂਨੀ ਰੰਗ ਦੀ ਦਿਖ ਪ੍ਰਦਾਨ ਕਰਦੇ ਹਨ, ਜਿਸ ਕਰਕੇ ਰੋਮਨਾਂ ਨੇ ਇਸ ਦਾ ਨਾਂ ਲੜਾਈ ਦੇ ਦੇਵਤਾ ਦੇ ਨਾਂ ਉੱਤੇ 'ਮਾਰਸ' (Mars) ਰੱਖਿਆ। ਮਿਸਰ ਦੇ ਲੋਕ ਇਸ ਨੂੰ 'ਹਰ ਡੈਸ਼ਰ' (Her Desher) ਆਖਦੇ ਹਨ, ਜਿਸ ਦਾ ਅੰਗਰੇਜ਼ੀ ਅਨੁਵਾਦ ਹੈ, 'ਦ ਰੈਡ ਵਨ' (The Red One)। ਚੀਨ ਦੇ ਖਗੋਲ ਵਿਗਿਆਨੀਆਂ ਨੇ ਇਸ ਦਾ ਨਾਂ 'ਦ ਫਾਇਰ ਸਟਾਰ' (The Fire Star) ਰੱਖਿਆ ਹੈ। ਇਸ ਦਾ ਭਾਰਤੀ ਨਾਂ ਮੰਗਲ ਹੈ.

ਮੰਗਲ ਦੀ ਸਤ੍ਹਾ ਟੋਇਆਂ ਅਤੇ ਪਹਾੜਾਂ ਨਾਲ ਢਕੀ ਹੋਈ ਹੈ। ਸੂਰਜੀ ਮੰਡਲ ਦਾ ਸਭ ਤੋਂ ਵੱਡਾ ਜਵਾਲਾਮੁਖੀ ਓਲਿੰਪਸ ਮੋਨਜ਼ (Olympus Mons) ਮੰਗਲ 'ਤੇ ਮੌਜੂਦ ਹੈ, ਜਿਸ ਦੀ ਉਚਾਈ ਲਗਭਗ 25 ਕਿਲੋਮੀਟਰ ਅਤੇ ਵਿਆਸ 600 ਕਿਲੋਮੀਟਰ ਹੈ। ਚਿੱਟੇ ਰੰਗ ਦੀਆਂ ਬਰਫਾਨੀ ਟੋਪੀਆਂ ਵੀ ਇਸ ਗ੍ਰਹਿ ਉੱਤੇ ਸਪਸ਼ਟ ਦੇਖੀਆਂ ਜਾ ਸਕਦੀਆਂ ਹਨ। ਮੰਗਲ ਉੱਤੇ ਧੂੜ ਭਰੇ ਤੂਫਾਨ ਆਉਂਦੇ ਹਨ, ਜੋ ਕਈ-ਕਈ ਮਹੀਨੇ ਚੱਲਦੇ ਹਨ। ਮੰਗਲ ਤੋਂ ਟੁੱਟੇ ਚਟਾਨੀ ਟੁਕੜੇ ਕਈ ਵਾਰੀ ਧਰਤੀ ਦੇ ਤਲ ਉੱਤੇ ਡਿਗ ਚੁੱਕੇ ਹਨ, ਜਿਨ੍ਹਾਂ ਨੇ ਮੰਗਲ ਉੱਤੇ ਪਹੁੰਚਣ ਤੋਂ ਅਗੇਤਾ ਹੀ, ਵਿਗਿਆਨੀਆਂ ਨੂੰ ਇਸ ਬਾਰੇ ਅਧਿਐਨ ਸ਼ੁਰੂ ਕਰਨ ਦੇ ਯੋਗ ਬਣਾ ਦਿੱਤਾ। ਇਹ ਕਾਫੀ ਠੰਢਾ ਗ੍ਰਹਿ ਹੈ। ਇਸ ਦਾ ਆਮ ਤਾਪਮਾਨ ਲਗਭਗ ਮਨਫੀ 60 ਡਿਗਰੀ ਸੈਲਸੀਅਸ ਹੈ। ਇਸ ਦਾ ਪੁੰਜ ਘੱਟ ਹੋਣ ਕਰਣ ਇਸ ਦੀ ਗੁਰੂਤਾਕਰਸ਼ਣ ਖਿੱਚ ਘੱਟ ਹੈ, ਜਿਸ ਕਾਰਣ ਵਾਯੂਮੰਡਲ ਉੱਤੇ ਇਸ ਦੀ ਪਕੜ ਘੱਟ ਹੈ। ਇਸ ਲਈ ਇਸ ਦਾ ਵਾਯੂਮੰਡਲ ਕਾਫੀ ਪਤਲਾ ਹੈ। ਇਸ ਦੇ ਵਾਯੂਮੰਡਲ ਵਿੱਚ ਮੁੱਖ ਰੂਪ ਵਿੱਚ ਕਾਰਬਨ ਡਾਈਆਕਸਾਈ ਹੀ ਹੈ। ਇਸ ਤੋਂ ਇਲਾਵਾ ਇਸ ਵਿੱਚ ਨਾਈਟ੍ਰੋਜਨ, ਆਰਗਨ ਅਤੇ ਆਕਸੀਜਨ ਗੈਸਾਂ ਵੀ ਮੌਜੂਦ ਹਨ। ਆਕਸੀਜਨ ਦੀ ਮਾਤਰਾ ਕੇਵਲ 0.13 ਪ੍ਰਤੀਸ਼ਤ ਹੈ, ਜੋ ਜਿਊਣ ਲਈ ਨਾਕਾਫੀ ਹੈ। ਇਸਦੇ ਦੁਆਲੇ ਓਜ਼ੋਨ ਦੀ ਪਰਤ ਵੀ ਨਹੀਂ ਹੈ। ਇਸ ਸਮੇਂ ਮੰਗਲ ਉੱਤੇ ਕੋਈ ਜੀਵਨ ਨਹੀਂ ਹੈ, ਭਾਵੇਂ ਬੀਤੇ ਸਮੇਂ ਦੌਰਾਨ ਇਸ ਉੱਤੇ ਜੀਵਨ ਮੌਜੂਦ ਰਿਹਾ ਹੋਣ ਦੇ ਸੰਕੇਤ ਮਿਲਦੇ ਹਨ।

ਮੰਗਲ ਆਪਣੇ ਧੁਰੇ ਦੁਆਲੇ ਲਗਭਗ 24 ਘੰਟੇ 37 ਮਿੰਟ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ। ਇਹ ਸੂਰਜ ਦੁਆਲੇ 687 ਧਰਤੀ ਦਿਨਾਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ, ਭਾਵ ਇਸ ਉੱਤੇ ਇੱਕ ਸਾਲ 687 ਧਰਤੀ ਦਿਨਾਂ ਦਾ ਹੁੰਦਾ ਹੈ। ਧਰਤੀ ਵਾਂਗ ਇਸ ਦਾ ਘੁੰਮਣ-ਧੁਰਾ ਵੀ ਇਸ ਦੇ ਆਰਬਿਟ ਦੇ ਤਲ ਦੇ ਸਾਪੇਖੀ ਝੁਕਿਆ ਹੋਇਆ ਹੈ। ਜਿਸ ਕਰਕੇ ਇਸ ਉੱਤੇ ਵੀ ਧਰਤੀ ਵਾਂਗ ਹੀ ਰੁੱਤਾਂ ਬਦਲਦੀਆਂ ਹਨ। ਇਸ ਦੇ ਦੋ ਗਿਆਤ ਉਪਗ੍ਰਹਿ: ਡੇਮੋਸ (Deimos) ਅਤੇ ਫੋਬੋਸ (Phobos) ਹਨ।



ਮੰਗਲ ਉੱਤੇ ਕਦੇ ਜੀਵਨ ਮੌਜੂਦ ਰਿਹਾ ਹੋਣ ਦੇ ਸੰਕੇਤ ਮਿਲਦੇ ਹਨ, ਜਿਸ ਕਾਰਣ ਇਹ ਗ੍ਰਹਿ ਖੋਜ ਪੱਖੋਂ ਵਿਗਿਆਨੀਆਂ ਦੀ ਰੁਚੀ ਦਾ ਕੇਂਦਰ ਰਿਹਾ ਹੈ। ਹੁਣ ਤੱਕ ਦੇ ਮੰਗਲ ਖੋਜ ਮਿਸ਼ਨ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਕਦੇ ਮੰਗਲ ਉੱਤੇ ਭਾਰੀ ਮਾਤਰਾ ਵਿੱਚ ਪਾਣੀ ਮੌਜੂਦ ਸੀ। ਇਸ ਦੇ ਤਲ ਉੱਤੇ ਲੰਬੀਆਂ - ਲੰਬੀਆਂ ਕਾਲੇ ਰੰਗ ਦੀਆਂ ਪੱਟੀਆਂ ਨਜ਼ਰ ਆਉਂਦੀਆਂ ਹਨ, ਜੋ ਕਦੇ ਸਿੰਚਾਈ ਲਈ ਕੱਢੀਆਂ ਗਈਆਂ ਨਹਿਰਾਂ ਵਾਂਗ ਜਾਪਦੀਆਂ ਹਨ। ਇਹ ਕੁਦਰਤੀ ਨਹੀਂ ਜਾਪਦੀਆਂ, ਕਿਉਂਕਿ ਅਪ- ਮੁਹਾਰੇ ਵਹਿੰਦੇ ਪਾਣੀ ਦਾ ਵਹਾਉ ਉੱਘੜ-ਦੁੱਘੜਾ ਹੁੰਦਾ ਹੈ, ਜਦ ਕਿ ਇਹ ਪੱਟੀਆਂ ਸਿੱਧੀਆਂ ਹਨ। ਨਾਸਾ (NASA) ਦੁਆਰਾ ਭੇਜੇ ਰੋਵਰ 'ਕਰਿਓਸਿਟੀ'( Curiosity) ਦੁਆਰਾ ਮੰਗਲ ਦੀ ਮਿੱਟੀ ਦਾ ਅਧਿਐਨ ਕਰਦਿਆਂ ਖੁਲਾਸਾ ਕੀਤਾ ਗਿਆ ਕਿ ਇਸ ਵਿੱਚ ਪਾਣੀ ਅਤੇ ਕਾਰਬਨ-ਯੁਕਤ ਯੌਗਿਕ ਜ਼ਰੂਰ ਪਾਏ ਗਏ ਹਨ,ਪਰੰਤੂ ਉਹ ਜਟਿਲ ਯੋਗਿਕ ਨਹੀਂ ਮਿਲੇ ਹਨ, ਜੋ ਜੀਵਨ ਦੀ ਉਤਪਤੀ ਲਈ ਲਾਜ਼ਮੀ ਹਨ। ਇਹ ਰੋਵਰ 26 ਨਵੰਬਰ 2011 ਨੂੰ ਲਾਂਚ ਕੀਤਾ ਗਿਆ ਸੀ ਅਤੇ ਇਹ 6 ਅਗਸਤ 2012 ਨੂੰ ਮੰਗਲ ਦੀ ਧਰਤੀ ਉੱਤੇ ਉੱਤਰਿਆ।

ਨਾਸਾ ਦਾ ਮੈਰੀਨਰ-4, ਸੰਨ 1964 ਵਿੱਚ ਮੰਗਲ ਦੇ ਕੋਲੋਂ ਗੁਜ਼ਰਨ ਵਾਲਾ ਪਹਿਲਾ ਸਪੇਸ ਕਰਾਫਟ ਸੀ। ਇਸ ਤੋਂ ਬਾਅਦ ਮਾਰਸ-2, ਵਾਈਕਿੰਗ-1, ਵਾਈਕਿੰਗ-2, ਮਾਰਸ

ਪਾਥਫਾਈਂਡਰ, ਸਪਿਰਿਟ, ਮਾਰਸ ਗਲੋਬਲ ਸਰਵੇਅਰ ਸਮੇਤ ਬਹੁਤ ਸਾਰੇ ਸਪੇਸ ਕਰਾਫਟ ਨਾਸਾ, ਸੋਵੀਅਤ ਯੂਨੀਅਨ ਅਤੇ ਯੂਰਪੀਅਨ ਸਪੇਸ ਏਜੰਸੀ ਦੁਆਰਾ ਮੰਗਲ ਉੱਤੇ ਭੇਜੇ ਗਏ, ਪਰੰਤੂ ਸਾਰੇ ਮਿਸ਼ਨ ਸਫਲ ਨਹੀਂ ਹੋਏ।

1960 ਤੋਂ ਹੁਣ ਤੱਕ ਵਿਸ਼ਵ ਪੱਧਰ 'ਤੇ 50 ਤੋਂ ਜ਼ਿਆਦਾ ਮੰਗਲ ਖੋਜ ਮਿਸ਼ਨ ਲਾਂਚ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਕੇਵਲ 21 ਨੂੰ ਹੀ ਸਫਲਤਾ ਮਿਲੀ ਹੈ। 22 ਸਤੰਬਰ,2014 ਨੂੰ ਅਮਰੀਕਾ ਦਾ ਪੁਲਾੜੀ ਵਾਹਨ 'ਮਾਵੇਨ'( Mars Atmophere and Volatile EvolutioN ) ਮੰਗਲ ਦੇ ਗ੍ਰਹਿ-ਪੰਧ ਵਿੱਚ ਦਾਖਲ ਹੋਇਆ। ਭਾਰਤੀ ਪੁਲਾੜ ਖੋਜ ਸੰਸਥਾ (ISRO) ਦੁਆਰਾ ਮੰਗਲ ਆਰਬਿਟਰ ਮਿਸ਼ਨ 5 ਨਵੰਬਰ, 2013 ਨੂੰ ਸ੍ਰੀ ਹਰੀਕੋਟਾ ਤੋਂ ਲਾਂਚ ਕੀਤਾ ਗਿਆ। ਇਹ 24 ਸਤੰਬਰ, 2014 ਨੂੰ ਮੰਗਲ ਦੇ ਗ੍ਰਹਿ-ਪੰਧ ਵਿੱਚ ਸਫਲਤਾਪੂਰਵਕ ਦਾਖਲ ਹੋ ਗਿਆ। ਪਹਿਲੀ ਕੋਸ਼ਿਸ਼ ਵਿੱਚ ਹੀ ਆਪਣਾ ਪੁਲਾੜੀ ਵਾਹਨ ਮੰਗਲ ਦੇ ਪਰਿਕਰਮਾ-ਪੱਥ ਉੱਤੇ ਸਥਾਪਿਤ ਕਰਕੇ ਭਾਰਤ ਨੇ ਗੌਰਵਮਈ ਇਤਿਹਾਸ ਸਿਰਜਿਆ ਹੈ। 'ਮੰਗਲਯਾਨ' ਦਾ ਉਦੇਸ਼ ਮੰਗਲ ਦੀ ਜਲਵਾਯੂ, ਭੂਗੋਲਿਕ ਸਥਿਤੀ ਅਤੇ ਇਸ ਉੱਤੇ ਜੀਵਨ ਦੀ ਉਤਪਤੀ ਸਬੰਧੀ ਅੰਕੜੇ ਇਕੱਠੇ ਕਰਨਾ ਹੈ। ਇਸ ਉੱਤੇ ਮੌਜੂਦ ਖਣਿਜਾਂ ਬਾਰੇ ਜਾਣਕਾਰੀ ਹਾਸਿਲ ਕਰਨਾ ਅਤੇ ਮੁੱਖ ਕਰਕੇ ਇਸ ਦੇ ਵਾਯੂਮੰਡਲ ਵਿੱਚ ਮੀਥੇਨ ਗੈਸ ਦਾ ਸੁਰਾਗ ਲਗਾਉਣਾ ਇਸ ਦੇ ਮੁੱਖ ਮੰਤਵ ਹਨ।

-*ਐਮ.ਐਸ.ਸੀ. ਫਿਜ਼ਿਕਸ, ਪ੍ਰਿੰਸੀਪਲ

* * * * *

## ਜ਼ਰੂਰੀ ਸੂਚਨਾ

ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ (ਰਜਿ.) ਰੂਪਨਗਰ ਵਲੋਂ ਸਾਲਾਨਾ ਸਿੱਖਿਆ ਸਮਾਗਮ 3 ਨਵੰਬਰ, 2018 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਲੋੜਵੰਦ ਤੇ ਯੋਗ ਵਿਦਿਆਰਥੀਆਂ ਨੂੰ ਵਜ਼ੀਫੇ ਵੰਡੇ ਜਾਣਗੇ। ਇਹ ਵਜ਼ੀਫੇ ਪ੍ਰਾਪਤ ਕਰਨ ਦੇ ਚਾਹਵਾਨ ਵਿਦਿਆਰਥੀ ਨਿਰਧਾਰਤ ਬਿਨੈਪੱਤਰ ਸੈਣੀ ਭਵਨ ਰੂਪਨਗਰ ਦੇ ਦਫਤਰ ਤੋਂ 1 ਅਗਸਤ,2018 ਤੋਂ ਬਾਅਦ ਕਿਸੇ ਵੀ ਕੰਮ ਵਾਲੇ ਦਿਨ 1 ਵਜੇ ਤੱਕ ਪ੍ਰਾਪਤ ਕਰ ਸਕਦੇ ਹਨ। ਇਸ ਬਿਨੈਪੱਤਰ ਨੂੰ ਪੂਰੀ ਤਰ੍ਹਾਂ ਦਿੱਤੀਆਂ ਹਦਾਇਤਾਂ ਅਨੁਸਾਰ ਭਰ ਕੇ ਦਫਤਰ ਵਿੱਚ ਦੇਣ ਦੀ ਅੰਤਿਮ ਮਿਤੀ 30 ਸਤੰਬਰ 2018 ਨਿਯਤ ਕੀਤੀ ਗਈ ਹੈ। ਸਮਾਗਮ ਵਾਲੇ ਦਿਨ ਭਾਸ਼ਨ-ਪ੍ਰਤਿਯੋਗਤਾ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ। ਇਹ ਪ੍ਰਤਿਯੋਗਤਾ 31 ਅਕਤੂਬਰ 2018 ਨੂੰ ਸੈਣੀ ਭਵਨ ਵਿਖੇ ਹੋਵੇਗੀ।



## ਗ਼ਜ਼ਲ

ਬਲਬੀਰ ਸਿੰਘ ਸੈਣੀ
ਨੰਗਲ

ਘਰ, ਆਂਗਣ, ਛੱਜੂ ਦਾ ਚੁਬਾਰਾ,
ਮੇਰਾ ਸਭ ਕੁਝ ਤੇਰਾ ਹੈ।
ਜਿੰਦ-ਨਿਮਾਣੀ, ਚਿੱਤ ਵਿਚਾਰਾ,
ਮੇਰਾ ਸਭ ਕੁਝ ਤੇਰਾ ਹੈ।
ਇਹ ਜੀਵਨ, ਇਹ ਧਨ-ਦੌਲਤ,
ਇਹ ਦੁੱਖ-ਸੁੱਖ ਤੇਰੀ ਅਮਾਨਤ ਹਨ,
ਮੈਨੂੰ ਕੇਵਲ ਤੇਰਾ ਸਹਾਰਾ,
ਮੇਰਾ ਸਭ ਕੁਝ ਤੇਰਾ ਹੈ।
ਤੂੰ ਹੀ ਦਿਲਬਰ,
ਤੂੰ ਹੀ ਮੁਰਸ਼ਦ,
ਤੂੰ ਹੀ ਦੀਨ-ਈਮਾਨ ਸੱਜਣ,
ਤੂੰ ਚੰਦਾ, ਅੱਖੀਆਂ ਦਾ ਤਾਰਾ,
ਮੇਰਾ ਸਭ ਕੁਝ ਤੇਰਾ ਹੈ।
ਜੰਗਲ-ਬੇਲੇ, ਸਾਗਰ-ਪਰਬਤ,
ਬਾਗ-ਬਹਾਰ ਤੇ ਮਾਰੂਥਲ,
ਤੇਰਾ ਹੀ ਬ੍ਰਹਿਮੰਡ ਪਸਾਰਾ,
ਮੇਰਾ ਸਭ ਕੁਝ ਤੇਰਾ ਹੈ।
ਤੇਰੇ ਨਾਂ ਜੋ ਗੀਤ ਲਿਖੇ ਮੈਂ,
ਗ਼ਜ਼ਲਾਂ ਤੇ ਕਵਿਤਾਵਾਂ ਵੀ,
ਹੁਣ ਤਾਂ ਉਹਨਾ ਦਾ ਸਹਾਰਾ,
ਮੇਰਾ ਸਭ ਕੁਝ ਤੇਰਾ ਹੈ।
ਕੁਝ ਵੀ ਕਹਿ ਲੈ,
ਮੈਂ ਕੀ ਕਹਿਣਾ, ਮੇਰਾ ਕੋਈ ਜ਼ੋਰ ਨਹੀਂ,
ਇਤਬਾਰੀ ਜਾਂ ਬੇਇਤਬਾਰਾ,
ਮੇਰਾ ਸਭ ਕੁਝ ਤੇਰਾ ਹੈ।
ਤੈਨੂੰ ਸਾਰੇ ਹੱਕ ਨੇ 'ਸੈਣੀ',
ਫਾਂਸੀ ਲਾ ਜਾਂ ਕਤਲ ਕਰਾ,
ਮੇਰੀ ਕੀ ਔਕਾਤ ਹੈ ਯਾਰਾ,
ਮੇਰਾ ਸਭ ਕੁਝ ਤੇਰਾ ਹੈ।

* * * * *

## ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ-ਵਿਦੇਸ਼ੀਆਂ ਦੀਆਂ ਨਜ਼ਰਾਂ ਵਿੱਚ

ਬਲਬੀਰ ਸਿੰਘ ਸੈਣੀ
ਰੂਪਨਗਰ



ਮਹਾਰਾਜਾ ਰਣਜੀਤ ਸਿੰਘ ਬਹੁਤ ਦੂਰਅੰਦੇਸ਼ੀ ਅਤੇ ਉਦਾਰਦਿਲ ਬਾਦਸ਼ਾਹ ਸਨ। ਉਨ੍ਹਾਂ ਨੇ ਆਪਣੇ ਰਾਜਤੰਤਰ ਅਤੇ ਫੌਜੀ ਪ੍ਰਬੰਧ ਨੂੰ ਅਤਿ ਆਧੁਨਿਕ ਅਤੇ ਸਮੇ ਦਾ ਹਾਣੀ ਬਨਾਉਣ ਲਈ 74 ਦੇ ਕਰੀਬ ਵਿਦੇਸ਼ੀ ਮਾਹਰ ਆਪਣੀ ਨੌਕਰੀ ਵਿੱਚ ਰੱਖੇ। ਇਨ੍ਹਾਂ ਵਿੱਚ 24 ਫਰਾਂਸੀਸੀ, 20 ਬ੍ਰਿਟਿਸ਼, 5 ਇਟਾਲਿਅਨ, 4 ਅਮਰੀਕਨ, 4 ਯੂਨਾਨੀ, 4 ਰੂਸੀ, 3 ਸਪੈਨਿਸ਼, 3 ਸਕਾਚ, 2 ਜਰਮਨ ਅਤੇ 1-1 ਆਇਰਸ਼, ਹੰਗੇਰੀਅਨ, ਪ੍ਰੋਸ਼ੀਅਨ, ਅਸਟ੍ਰੀਅਨ ਤੇ ਪੁਰਤਗਾਲੀ ਸ਼ਾਮਿਲ ਸਨ। ਸਭ ਤੋਂ ਪਹਿਲਾਂ ਇਟਾਲੀਅਨ ਜਨਰਲ ਵੈਨਤੂਰਾ ਅਤੇ ਫਰਾਂਸੀਸੀ ਜਨਰਲ ਐਲਾਰਡ 1922 ਵਿੱਚ ਸ਼ੇਰਿ-ਪੰਜਾਬ ਪਾਸ ਨੌਕਰ ਹੋਏ। ਭਾਵੇਂ ਇਨ੍ਹਾਂ ਯੂਰਪੀਆਂ ਨੇ ਮਹਾਰਾਜੇ ਦੇ ਰਾਜਪ੍ਰਬੰਧ ਅਤੇ ਫੌਜੀ ਸ਼ਕਤੀ ਨੂੰ ਆਧੁਨਿਕ ਲੀਹਾਂ 'ਤੇ ਪਾਉਣ ਵਿੱਚ ਕਾਫੀ ਯੋਗਦਾਨ ਪਾਇਆ ਪਰ ਇਹ ਕਹਿਣਾ ਵੀ ਗਲਤ ਹੈ ਕਿ ਇਨ੍ਹਾਂ ਤੋਂ ਪਹਿਲਾਂ ਇਹ ਪ੍ਰਬੰਧ ਨਾਕਸ ਸਨ। ਖਾਲਸਾ ਰਾਜ ਨੂੰ ਫੈਲਾਉਣ ਲਈ ਲੜੇ ਗਏ ਯੁੱਧਾਂ ਵਿੱਚ ਇਨ੍ਹਾਂ ਜਰਨੈਲਾਂ ਦਾ ਯੋਗਦਾਨ ਨਾਮਾਤਰ ਸੀ। ਮਹਾਰਾਜਾ ਦੀ ਮੌਤ ਤੋਂ ਬਾਅਦ ਇਨ੍ਹਾਂ ਵਿੱਚੋਂ ਬਹੁਤਿਆਂ ਨੇ ਅੰਗ੍ਰੇਜ਼ੀ ਸਰਕਾਰ ਦੇ ਏਜੰਟਾਂ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਈ ਖਾਲਸਾ ਰਾਜ ਵਿਰੁੱਧ ਸਾਜ਼ਿਸ਼ਾਂ ਕਰਨ ਵਾਲੇ ਡੋਗਰਿਆਂ ਦੇ ਹਮਾਇਤੀ ਬਣ ਗਏ।

ਜਨਰਲ ਐਲਾਰਡ ਮਹਾਰਾਜੇ ਦਾ ਸਭ ਤੋਂ ਵੱਧ ਵਿਦੇਸ਼ੀ ਵਿਸ਼ਵਾਸਪਾਤਰ ਅਤੇ ਵਫਾਦਾਰ ਜਰਨੈਲ ਸੀ। ਉਹ ਫਰਾਂਸ ਵਿੱਚ ਨੈਪੋਲੀਅਨ ਦੀ ਫੌਜ ਵਿੱਚ ਕਪਤਾਨ ਵਜੋਂ ਵਾਟਰਲੂ ਦੀ ਲੜਾਈ ਵਿੱਚ ਬੜੀ ਬਹਾਦਰੀ ਨਾਲ ਲੜਿਆ ਸੀ। ਜਦੋਂ 1814 ਵਿੱਚ ਨੈਪੋਲੀਅਨ ਜੰਗ ਹਾਰ ਗਿਆ ਤਾਂ ਰੁਜ਼ਗਾਰ ਦੀ ਭਾਲ ਵਿੱਚ ਐਲਾਰਡ ਦੂਜੇ ਦੇਸ਼ਾਂ ਵੱਲ ਚੱਲ ਪਿਆ। ਉਹ ਪਹਿਲਾਂ ਈਰਾਨ ਦੀ ਫੌਜ ਵਿੱਚ ਭਰਤੀ ਹੋ ਗਿਆ ਪਰ ਆਪਣੀ ਲਿਆਕਤ ਦਾ ਮੁੱਲ ਨਾ ਪੈਂਦਿਆਂ ਵੇਖ ਕੇ ਉਸ ਨੂੰ ਤਸੱਲੀ ਨਾ ਹੋਈ। ਇੱਕ ਯਹੂਦੀ ਸੌਦਾਗਰ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਦਰਿਆ-ਦਿਲੀ ਬਾਰੇ ਅਤੇ ਫਿਰ ਰੂਸੀ ਸਫੀਰ ਐਮ.ਮਿਜ਼ਾਰਵਿਥ ਤੋਂ ਖਾਲਸਾ ਰਾਜ ਦੀ ਵਿਸ਼ਾਲਤਾ ਸਬੰਧੀ ਸੁਣ ਕੇ ਉਸ ਨੇ ਪੰਜਾਬ ਆਉਣ ਦਾ ਨਿਸ਼ਚਾ ਕਰ ਲਿਆ। ਉਹ ਰਿਹਾਤ, ਕੰਧਾਰ, ਕਾਬਲ ਤੇ ਪਿਸ਼ਾਵਰ ਰਾਹੀਂ ਹੁੰਦਾ ਹੋਇਆ 11 ਮਾਰਚ 1822 ਨੂੰ ਲਾਹੌਰ ਵਿਖੇ ਮਹਾਰਾਜੇ ਦੇ ਦਰਬਾਰ ਵਿੱਚ ਪਹੁੰਚ ਗਿਆ। ਮਹਾਰਾਜਾ ਨੇ ਪੂਰੀ ਘੋਖ-ਪੜਤਾਲ ਉਪਰੰਤ ਉਸ ਨੂੰ ਫੌਜ ਵਿੱਚ ਭਰਤੀ ਕਰ ਕੇ ਰਿਸਾਲਾ ਫੌਜ ਦੀ ਸਿਖਲਾਈ ਦਾ ਕੰਮ ਸੌਂਪ ਦਿੱਤਾ। ਐਲਾਰਡ 12 ਮਈ 1834 ਨੂੰ ਮਹਾਰਾਜਾ ਤੋਂ ਦੋ ਸਾਲ ਦੀ ਛੁੱਟੀ ਲੈ ਕੇ ਪੈਰਿਸ ਗਿਆ ਜਿੱਥੋਂ ਉਹ ਰਿਸਾਲਾ ਫੌਜ ਲਈ ਜ਼ਰੂਰੀ ਫਰਾਂਸੀਸੀ ਘਾੜਤ ਦੇ ਤਮੰਚੇ, ਹਲਕੀਆਂ ਕਰਾਬੀਨਾਂ ਅਤੇ ਸਵਾਰਾਂ ਦੀ ਛਾਤੀ ਤੇ ਲਾਣ ਲਈ ਪਿੱਤਲ ਦੇ ਢਲੇ ਹੋਏ ਜ਼ਰੇ ਸੰਜੋਆਂ ਆਦਿ ਨਾਲ ਲੈ ਕੇ ਆਇਆ। ਇਸ ਜਰਨੈਲ ਦੀ ਮੌਤ 22 ਜਨਵਰੀ 1839 ਨੂੰ ਪਿਸ਼ਾਵਰ ਵਿਖੇ ਹੋਈ ਅਤੇ ਉਸ ਦੀ ਖਾਹਿਸ਼ ਅਨੁਸਾਰ ਉਸ ਨੂੰ ਲਾਹੌਰ ਵਿਖੇ ਉਸ ਦੀ ਕੋਠੀ 'ਕੁੜੀ ਬਾਗ' ਵਿਖੇ ਦਫਨਾਇਆ ਗਿਆ।



ਜਦੋਂ ਐਲਾਰਡ ਛੁਟੀ ਲੈ ਕੇ ਪੈਰਿਸ ਗਿਆ ਤਾਂ ਸ਼ਹਿਨਸ਼ਾਹ ਫਰਾਂਸ, ਫਿਲਪ ਨੇ ਉਸ ਨੂੰ ਆਪਣੇ ਦਰਬਾਰ ਵਿੱਚ ਬੁਲਾ ਕੇ ਬਹੁਤ ਮਾਣ ਸਤਿਕਾਰ ਦਿੱਤਾ ਅਤੇ ਸ਼ੇਰਿ ਪੰਜਾਬ ਲਈ ਵਡਮੁੱਲੀਆਂ ਸੌਗਾਤਾਂ ਸਮੇਤ ਬਹੁਮੁੱਲੇ ਨਗਾਂ ਨਾਲ ਜੜੀ ਆਪਣੀ ਇੱਕ ਤਸਵੀਰ ਵੀ ਭੇਜੀ। ਸ਼ਹਿਨਸ਼ਾਹ ਨੇ ਐਲਾਰਡ ਦੇ ਹੱਥ ਮਹਾਰਾਜਾ ਲਈ ਇੱਕ ਸੰਦੂਕੜੀ ਵਿੱਚ ਬੰਦ ਕਰਕੇ ਫਰਾਂਸੀਸੀ ਭਾਸ਼ਾ ਵਿੱਚ ਲਿਖਿਆ ਇੱਕ ਪਿਆਰ ਪੱਤਰ ਵੀ ਭੇਜਿਆ ਜਿਸ ਦਾ ਪੰਜਾਬੀ ਉਲਥਾ ਇਸ ਪ੍ਰਕਾਰ ਹੈ-

"ਮਹਾਨ ਸ਼ਕਤੀਸ਼ਾਲੀ ਤੇ ਸ਼ਾਹੀ ਸ਼ੌਕਤ ਨਾਲ ਸ਼ਿੰਗਾਰੇ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਪੰਜਾਬ ਦੇ ਬਾਦਸ਼ਾਹ ਅਤੇ ਸਾਡੇ ਅਤਿ ਪਿਆਰੇ ਤੇ ਸੱਚੇ ਮਿੱਤਰ ਜੀ ! ਸਰਬਸ਼ਕਤੀਮਾਨ ਅਕਾਲ ਜੀ ਸਹਾਏ ।( ਪ੍ਰਮਾਤਮਾ ਦੀ ਉਸਤਤੀ )......।

ਵਲੋਂ- ਲੂਈਸ ਫਿਲਪਸ, ਸ਼ਾਹਿਨਸ਼ਾਹਿ ਫਰਾਂਸ
ਸੇਵਾ ਵਿਖੇ,

ਅਤਿ ਵੱਡੇ, ਅਤਿ ਉੱਚੀ ਸ਼ਾਨ ਵਾਲੇ ਅਤੇ ਅਤਿ ਸ਼ਕਤੀਮਾਨ ਸ਼ਹਿਨਸ਼ਾਹ ਮਹਾਰਾਜਾ ਰਣਜੀਤ ਸਿੰਘ ਬਹਾਦੁਰ ਪੰਜਾਬ ਦੇ ਬਾਦਸ਼ਾਹ ਫਾਤਹ ਕਸ਼ਮੀਰ, ਮੁਲਤਾਨ, ਕਾਂਗੜਾ, ਅਟਕ ਅਤੇ ਪਿਸ਼ਾਵਰ ਆਦਿ ਆਦਿ। ਅਜਿੱਤ ਅਤੇ ਅਲੀਸ਼ਾਨ ਯੁੱਧਵੀਰ ਸਾਡੇ ਅਤਿ ਪਿਆਰੇ ਤੇ ਸੱਚੇ ਮਿੱਤਰ ਜੀ ਆਪ ਨੂੰ ਸਾਡੇ ਵਲੋਂ ਸਤਿਕਾਰ ਭਰੀ ਸਲਾਮ ਪ੍ਰਵਾਨ ਹੋਵੇ।

ਹਜ਼ੂਰ ਦੇ ਪੁਰਜ਼ੋਸ਼ ਤੇ ਸ਼ਾਨਦਾਰ ਕਾਰਨਾਮਿਆਂ ਦੀ ਪ੍ਰਸਿੱਧਤਾ ਅਸੀਂ ਮੁੱਦਤਾਂ ਤੋਂ ਸੁਣ ਰਹੇ ਹਾਂ। ਹੁਣ ਇਨ੍ਹਾਂ ਸਾਰਿਆਂ ਸ਼ੁੱਭ ਗੁਣਾਂ ਦੀ ਗਵਾਹੀ ਸਾਡੇ ਪਿਆਰੇ ਤੇ ਬਹਾਦਰ ਜਰਨੈਲ ਐਲਾਰਡ ਨੇ, ਜਿਸ ਨੂੰ ਸਾਡੀ ਸਲਤਨਤ ਵਲੋਂ ਇੱਜ਼ਤ ਦੀ ਅਤਿ ਉੱਚੀ ਪਦਵੀ ਪ੍ਰਾਪਤ ਹੈ, ਅੱਖਰ ਅੱਖਰ ਕੀਤਾ ਹੈ।

ਸੂਰਜ ਦੇ ਪਾਵਨ ਧਰਤੀ ਪਰ ਉਦੈ ਹੋਣ ਤੋਂ ਲੈ ਕੇ ਅਸਤ ਹੋਣ ਵਾਲੇ ਨੂਰੀ ਦੇਸ਼ਾਂ ਤੱਕ ਹਜ਼ੂਰ ਦੀ ਵਜੱਦੀ ਫੌਜ ਦੀ ਪ੍ਰਸਿੱਧਤਾ ਖਿਲਰੀ ਹੋਈ ਹੈ। ਹਜ਼ੂਰ ਦੀ ਸਿਆਣਪ ਅਤੇ ਬੀਰਤਾ ਦੇ ਜੌਹਰ ਨਾਲ ਸਥਾਪਤ ਕੀਤੀ ਹੋਈ ਪੰਜਾਂ ਦਰਿਆਵਾਂ ਦੀ ਹਰੀ ਭਰੀ ਸਲਤਨਤ ਜਿਸ ਵਿਚ ਪਰਜਾ ਅਤਿ ਸੁਖੀ ਤੇ ਸੁਰੱਖਿਅਤ ਵਸਦੀ ਹੈ, ਸਦੀਵੀ ਉਨਤੀ ਅਤੇ ਵਾਧਾ ਹੀ ਵਾਧਾ ਪ੍ਰਾਪਤ ਕਰ ਰਹੀ ਹੈ। ਇਸ ਸਾਰੀ ਸਫਲਤਾ ਦੇ ਬਾਨੀ ਆਪ ਖੁਦ ਹੋ।

ਹਜ਼ੂਰ ਦੀ ਸਿਆਣਪ ਭਰੀ ਅਗਵਾਈ ਅਤੇ ਲਗਾਤਾਰ ਉੱਨਤੀ ਦੀਆਂ ਸ਼ੁੱਭ ਇਛਿਆਵਾਂ ਵਿੱਚ ਸਦਾ ਨਿਵਿਘਨ ਰਹਿਣ ਦੇ ਕਾਰਨ ਆਪ ਨੇ ਆਪਣੀ ਪਿਆਰੀ ਸਨਤਨਤ ਨੂੰ ਇੱਕ ਸਵਰਗੀ ਨਮੂਨਾ ਬਣਾ ਦਿੱਤਾ ਹੈ। ਹਜ਼ੂਰ ਦੀ ਦ੍ਰਿਸ਼ਟੀ ਹੇਠ ਅਤੇ ਨਿੱਤ ਦੇ ਯਤਨਾਂ ਦੇ ਸਦਕਾ ਖਾਲਸੇ ਦੀ ਸਲਤਨਤ ਨੇ ਹਰ ਪਹਿਲ ਤੋਂ ਹੈਰਾਨਗੀ ਵਿੱਚ ਪਾ ਦੇਣ ਵਾਲੀ ਤਰੱਕੀ ਕੀਤੀ ਹੈ।

ਇਸ ਬਾਦਸ਼ਾਹਤ ਵਿੱਚ ਕੁੱਝ ਫਰਾਂਸੀਸੀਆਂ ਨੂੰ ਆਪ ਨੇ ਆਪਣੀ ਸੇਵਾ ਵਿੱਚ ਰੱਖਣ ਦਾ ਮਾਣ ਬਖਸ਼ਿਆ ਹੈ। ਸਰਕਾਰ ਵਲੋਂ ਇਨ੍ਹਾਂ ਫਰਾਂਸੀਸੀਆਂ ਨਾਲ ਉਦਾਰ ਦਿਲੀ ਤੇ ਬਖਸ਼ਿਸ਼ਾਂ ਵਾਲਾ ਵਰਤਾਵ ਇਨ੍ਹਾਂ ਨੂੰ ਨਿਹਾਲ ਨਿਹਾਲ ਕਰ ਰਿਹਾ ਹੈ। ਇਹ ਸਾਰੀਆਂ ਖਬਰਾਂ ਅਸੀਂ ਸੁਣਦੇ ਰਹਿੰਦੇ ਹਾਂ। ਸਰਕਾਰ ਦੀਆਂ ਇਹ ਬਖਸ਼ਿਸ਼ਾਂ ਉਨ੍ਹਾਂ ਦੀ ਸੇਵਾ ਦੇ ਟਾਕਰੇ ਪਰ ਬਹੁਤ ਵੱਧ ਹਨ।......

ਹੁਣ ਅਸੀਂ ਸਰਕਾਰ ਵਲੋਂ ਇਸ ਮਾਣ ਦੀ ਪ੍ਰਾਪਤੀ ਦੇ ਇੱਛਾਵਾਨ ਹਾਂ ਕਿ ਆਪ ਦੇ ਦਰਬਾਰ ਵਿੱਚ ਅਸੀਂ ਆਪਣਾ ਇੱਕ ਮੁਖਤਾਰ(ਸਫੀਰ) ਨੀਯਤ ਕਰੀਏ। ਇਸ ਲਈ ਅਸੀਂ ਆਪਣੇ ਅਤੇ ਆਪ ਦੇ ਭਰੋਸੇਯੋਗ ਜਰਨੈਲ ਐਲਾਰਡ ਨੂੰ ਆਪਣਾ ਸਫੀਰ ਨੀਯਤ ਕਰਦੇ ਹਾਂ। ਇਹ ਸਾਡੇ ਕਦੇ ਨਾ ਟੁੱਟਣ ਵਾਲੇ ਪਿਆਰ ਦਾ ਇੱਕ ਜੀਵਤ ਸਬੂਤ ਹੈ।

ਸਲਤਨਤ ਪੰਜਾਬ ਤੇ ਫਰਾਂਸ ਵਿਚਾਲੇ ਦੂਰ ਪਰੇ ਦੀ ਦੂਰੀ ਅਤੇ ਸਮੁੰਦਰਾਂ ਦੀ ਵਿੱਥ ਮੌਜੂਦ ਹੈ, ਪਰ ਇਹ ਦੂਰੀ ਸੱਚੇ ਮਿੱਤਰਾਂ ਦੇ ਪਿਆਰ ਭਰੇ ਮਨਾਂ ਲਈ ਕੋਈ ਰੋਕ ਨਹੀਂ ਹੋ ਸਕਦੀ।.....ਸਾਡੇ ਮਨ ਵਿੱਚ ਸਰਕਾਰ ਲਈ ਜੋ ਇੱਜ਼ਤ ਅਤੇ ਪਿਆਰ ਹੈ ਉਹ ਜਰਨੈਲ ਐਲਾਰਡ ਹਜ਼ੂਰ ਨੂੰ ਜ਼ੁਬਾਨੀ ਦੱਸੇਗਾ। ਹਜ਼ੂਰ ਦੀ ਵਰਿਆਮਤਾ ਤੇ ਬਖਸ਼ਿਸ਼ਾਂ ਦੀਆਂ ਧੂੰਮਾਂ ਸਾਰੇ ਦੇਸ਼ ਵਿੱਚ ਹਨ ਜਿਨ੍ਹਾਂ ਨੂੰ ਸੁਣ ਕੇ ਸਾਡਾ ਮਨ ਪਿਆਰ ਨਾਲ ਛਲੁਕੇ ਖਾ ਰਿਹਾ ਹੈ। ਜਨਰਲ ਐਲਾਰਡ, ਹੋਰ ਫਰਾਂਸੀਸੀਆਂ ਅਤੇ ਇਸ ਦੇਸ਼ ਦੇ ਸੈਲਾਨੀਆਂ ਨਾਲ ਸਰਕਾਰ ਦੇ ਕ੍ਰਿਪਾਲਤਾਭਰੇ ਵਰਤਾਵ ਲਈ ਅਸੀਂ ਆਪ ਦੇ ਤਹਿ ਦਿਲ ਤੋਂ ਧੰਨਵਾਦੀ ਹਾਂ।

ਸਾਡੀ ਦਿਲੋਂ ਇੱਛਾ ਹੈ ਕਿ ਸਾਡੇ ਮਨ ਦੇ ਡੂੰਘੇ ਪਿਆਰਭਾਵ ਜਰਨੈਲ ਐਲਾਰਡ ਹਜ਼ੂਰ ਦੀ ਸੇਵਾ ਵਿੱਚ ਹੂ-ਬਹੂ ਜ਼ੁਬਾਨੀ ਪ੍ਰਗਟ ਕਰ ਦੇਵੇ।......ਅੰਤ ਵਿੱਚ ਅਸੀਂ ਸਿਫਾਰਸ਼ ਕਰਦੇ ਹਾਂ ਕਿ ਹਜ਼ੂਰ ਆਪਣੀਆਂ ਬਖਸ਼ਿਸ਼ਾਂ ਦੀ ਲੜੀ ਐਲਾਰਡ ਤੇ ਹੋਰ ਫਰਾਂਸੀਸੀਆਂ ਨਾਲ ਅਟੁੱਟ ਰੱਖੋਗੇ।.... ਅਸਾਡੀ ਅਰਦਾਸ ਹੈ ਕਿ ਉਹ ਸਰਬਸ਼ਕਤੀਮਾਨ ਆਪ ਨੂੰ ਆਪਣੀ ਕੌਮ ਦੀ ਅਗਵਾਈ ਲਈ ਨਵੀਂ ਸ਼ਕਤੀ ਤੇ ਸਿਆਣਪ ਪ੍ਰਦਾਨ ਕਰੇ ਤਾਂ ਕਿ ਹਜ਼ੂਰ ਦੀਆਂ ਫਤਹਿਯਾਬੀਆਂ ਦੇ ਨਿਸ਼ਾਨ ਸਦਾ ਲਈ ਝੂਲਦੇ ਰਹਿਣ।

ਇਹ ਪਿਆਰ-ਪੱਤਰ ਸਾਡੇ ਸ਼ਾਹੀ ਮਹੱਲ ਟਿਊਲੀਰੀਜ਼ ਵਿੱਚ ਅਕਤੂਬਰ ਦੀ ਸਤਾਈਵੀਂ ਤਾਰੀਖ ਸੰਨ ਅਠਾਰਾਂ ਸੌ ਪੈਂਤੀ (27.10.1835) ਨੂੰ ਲਿਖਿਆ ਗਿਆ।

ਆਪ ਦਾ ਅਤਿਅੰਤ ਪਿਆਰਾ ਤੇ ਸੱਚਾ ਮਿੱਤਰ-

(ਦਸਤਖਤ) (ਦਸਤਖਤ)

ਵੀ. ਬਰੋਗਲੀ, ਲੂਈਸ ਫਿਲਪ ਮੋਰਲੀਅਨਸ।

ਸ਼ਹਿਨਸ਼ਾਹ ਫਰਾਂਸ

ਦਾ ਵਜ਼ੀਰ ਤੇ ਸਕੱਤਰ

(ਸਰੋਤ- ਬਾਬਾ ਪ੍ਰੇਮ ਸਿੰਘ ਹੋਤੀ ਦੀ ਲਿਖੀ ਖੋਜਭਰਪੂਰ ਪੁਸਤਕ, " ਖਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ" ਸਾਲ 2013)ਹੈ।

* * * * *

......ਸਫਾ 9 ਦੀ ਬਾਕੀ

ਰੁਪਏ ਦਾਨ ਕਰਕੇ ਇੱਕ ਵੱਡਾ ਸਕਾਲਰਸਿੱਪ ਵੀ ਅਰੰਭ ਕੀਤਾ ਗਿਆ ਹੈ, ਜਿਸ ਦਾ ਵਿਆਜ ਲੋੜਵੰਦ ਸਿੱਖਿਆਰਥੀ ਨੂੰ ਉੱਚ ਸਿਖਿਆ ਪ੍ਰਾਪਤ ਕਰਨ ਲਈ ਵਜੀਫੇ ਵਜੋ ਦਿੱਤਾ ਜਾਂਦਾ ਹੈ।

**ਵਿਛੜੀਆਂ ਸੈਣੀ ਸ਼ਖ਼ਸੀਅਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ**

ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਵਿਛੜੀਆਂ ਸੈਣੀ ਸ਼ਖ਼ਸੀਅਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਵਿਛੜੀਆਂ ਸੈਣੀ ਸ਼ਖ਼ਸੀਅਤਾਂ ਅਪ੍ਰੈਲ ਮਹੀਨੇ 'ਚ ਸਵਰਗਵਾਸ ਹੋਏ ਬਾਬਾ ਦਲਜੀਤ ਸਿੰਘ ਸ਼ਿਕਾਗੋਂ ਦੇ ਪਿਤਾ ਸ. ਚਰਨ ਸਿੰਘ ਬਲਾਚੌਰ, ਮਈ ਮਹੀਨੇ 'ਚ ਸਵਰਗਵਾਸ ਹੋਏ ਸਾਬਕਾ ਚੀਫ ਇੰਜਨੀਅਰ ਹਰਬੰਸ ਸਿੰਘ ਚੰਡੀਗੜ ਮਾਲਕ ਹੀਰਾ ਕੋਲਡ ਸਟੋਰ ਰੂਪਨਗਰ, ਅਤੇ ਸੈਣੀ ਭਵਨ ਦੇ ਲਾਇਫ ਮੈਂਬਰ ਸੁਖਵਿੰਦਰ ਸਿੰਘ ਦੇਸ਼ੂਮਾਜਰਾ ਦੇ ਪਿਤਾ ਸ.ਹਜ਼ੂਰਾ ਸਿੰਘ ਦੇ ਸਵਰਗਵਾਸ ਹੋਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਬੰਧਕ ਇਨ੍ਹਾਂ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨ ਲਈ ਉਨ੍ਹਾਂ ਦੇ ਨਮਿਤ ਰਸਮ ਭੋਗ 'ਚ ਵੀ ਸ਼ਾਮਿਲ ਹੋਏ।



## AUSPICIOUS TIME FOR A CHARITABLE ACTION

Kamaljit Kaur Mundra

We were informally talking about the charity and donation afew days ago about the timings and amount for the donation. My father (S.Baldev Singh Mundra) narrated the following history how Nobel Prize was initiated and established. It is worth while to share with you the brief history of the initiation and establishment of the most prestigious and sought after {Nobel Prize} in the world by late Mr Alferd Bernhard Nobel.



Alfred Bernhard Nobel was born on 31st oct. 1833 in Stockhom in European country Sweden.His father Mr. Immanual Nobel was himself an acomplished engineer and had set up a chemical workshop in stockhom. His father had a set back in his business in 1837 forciing him to leave Stockhom and move to Russia at Saintpetersberg where same chemical workshop was established.Mr.Alfered Benherd Nobel also shifted with his father and started visitnig workshop from an early age of 9 years.

Alfred Bernard Nobel did not had a formal school college education. However his father had him privately tutored by hiring two reputed professors of Chemistry and Physics. In addition he was also taught Humanity and Languages. Among languages that he learnt was Russian, French, English as well as German. Initially he studied Chemistry, Physicsin Russia. Later he toured other countries like USA to gain practical exposure of the chemical industries in other places in the world. He devolped very keen interest in Chemistry and Chemicals. He started experimenting on various combination of chemicals and invented (TNT) Tri-Nitro-Glycerine the extemely powerfull chemical explosive till date. His father has now a very big factory that started manufacturing explosives for mining industies and also started making arms for military use . He developed very powerfull cannons and other weapons for Army. He was a very sought after bussinessman in armament supply, not only in Sweden but in whole of Europe. He became the richest man of Europe at that time.

Tri-Nitro-Glycerine being in liquid form but having extreme explosive power posed a great prolem in its transportation that also resulted some times in accident. Alfreds searched for its solution and found it in German diautomacious eath known by the name of Kieselgurh. This absorbant material did marginally reduce the explosive strength of TNT. Thus the new invention by Alfred was known as Dynamite that was very safe and easy to handle without compromising the explosive intensity of the TNT.

Alfred Bernherd Nobel had two elder brothers who had their own bussiness in oil exploitation and were rich in their own way. However Alfred Bernherd Nobel was the richest man of Europe and had settled in Senremo in Italy. His wealth in 1895 was 31 million Swedesh Kronor.

Alferd Ludvig Nobel elder brother of Mr. Alferd Bernherd Nobel was visiting Paris in 1888 where he fell ill and died. French news papers mistook him for Bernherd Nobel and wrote in bold writing {le marchand de la mort est mort} .'the merchant of death is dead'. French people were annoyed with him as he

had supplied arms to Italy when they were at war with France. This news shocked him and made him to think how he will be known after his death. No doubt he was a philonthropist and peace loving person , his bussiness in arms and explosive created a false impression especially in France.

Miss Bertha Kinsky his secretary as well as very close friend and confident knew his intention of philonthropic projects about the well being of humanity.He was a man for peace. She knew that he was always thinking about the welfare of the mankind in general. She took all these things in account and spear headed the task of Mr Alferd Benherd Nobel to draft his WILL that he completed and signed in 1895. According to his WILL, 94% of his entire wealth will go into a Charitable Trust to be established for recognising and awarding prizes for inventing/discovering or developing anything for the overall good of mankind in the field of Physics, in the field of Chemistry, Medicine, Literature and any useful efforts to bring peace in the world.

He breathed his last in 1896. It took five years more to award the first Nobel Prize that was awrded on his 5$^{th}$ death anniversary on 10$^{th}$ dec 1901 to Mr Wilhelm Conrad Rongton for discovery of X-rays in treating diseases. Miss Bertha Kinsky was also subsequently awarded Nobel Peace Prize a few years later in 1905 for her efforts in writing books on establishment of peace. Noted Indian Mr Rabinder Nath Tagore got Nobel Prize in 1913 for Literature. Brilliant Scientist Mr.C.V.Raman Physicst got this award for his discovery in 1930. Amramritya Sen in Economics , Mother Thresa and recently ( in 2014) another Indian Mr Kailsh Satyarthi got this hounor in peace for world. Thus the donation by Bernhard Alfred Nobel inspire for coming forward for the overall good of human beings by excelling in their own field for the betterment of life in this world.

In local Saini Community you can't forget a real Karamyogy late Mr Lekh Raj Mundra who set his own practical example not by talking but by making handsome contribution for the cause of Education and welfare of elderly Uncared Senior Citizens through his WILL. Late Mr Kaka Ram Saini donated his land where our Saini Bhawan is presently situated keeping in mind the welfare of others.

It is desirable that anytime you have funds it should be donated, as every moment is auspicious for charitable initiative. All these persons mentioned earlier did not wait for an auspicious time to complete their job. Hence every moment is an auspicious time for donating for a good cause and charitable action. You get automatically inspired by seeing and learning about such noble deeds and would like to follow their footsteps.

*Department of Physics,
National College Bandra, Mumbai

❉ ❉ ❉ ❉ ❉

## Sikhs in World Wars



Sikh members of the 4th Indian Division of the British 8th Army manning a captured Italian 20mm antiaircraft gun.

Despite the massacre, nearly 300,000 Sikhs fought for the Allies in World War Two as part of the 2.5 million troops furnished by India.

This was the largest volunteer army ever assembled.



Amarjit Singh
Rupnagar

# Financial Assistance received during the quarter January to March 2018

**FOR REGULAR SCHOLARSHIP**

| | |
|---|---|
| Dr. Rajwant Singh #40, Sec.71, Mohali | **Rs. 200000** |

**FOR DEVELOPMENT WORK IN SAINI BHAWAN**

| | | |
|---|---|---|
| 1. | S. Tarlochan Singh, M.D. Silver Oak International School, Urmur Tanda Distt. Hoshiarpur | **Rs. 51000** |
| 2. | S. Bhagwan Singh, Rtd. Regional Environment Officer. #244, Sec. 2, Panchkula( Haryana) | **Rs. 51000** |
| 3. | S. Amarjit Singh, Vill. Panjour Distt. Hoshiarpur In Memory of his Younger brother Late Sant Balbir Singh Ji. | **Rs. 2600** |
| 4. | Dr. Sowarn Singh Saini Rtd. Prof. P.A.U. Ludhiana #308, Prof. Colony Ludhiana | **Rs. 2600** |
| 5. | Dr. Harcharan Dass Rtd. Distt.Education Officer Rupnagar | **Rs. 2500** |
| 6. | Smt.Karamjit Kaur w/o Late Adv.Hazura Singh Nehru Nagar, Rupnagar | **Rs.2100** |
| 7. | S.Harjit Singh Girn s/o Late S. Mohider Singh Girn In memory of his mother in law | **Rs.1000** |
| 8. | Smt.Kaushalya Devi, Rupnagar, The Founder of Sewing & Tailoring School in Saini Bhawan | **Rs. 1000** |
| 7. | S.Rajinder Singh, Saini Bhawan Rupnagar In memory of his brother | **Rs.500** |

**FOR ASSISTANCE TO STUDENTS**

| | |
|---|---|
| .Smt. Inderpal Kaur, Brompton(Canada) through Dr. Sowarn Singh, Ludhiana | **Rs.5100** |

**FOR MEMBERSHIP OF MAGAZINE**

| | | |
|---|---|---|
| 1. | S.Gurvinder Singh Saini, M.D. I.A.S.Coaching Institute, Chandigarh | **Rs.1600** |
| 2. | Dr. Jagjit Singh Nanua Rupnagar | **Rs.1100** |
| 3. | Smt. Satinderjit Kaur Block Child Dev.Officer Rupnagar | **Rs. 1100** |
| 4. | S. Karamjit Singh Saini #Saini Bhawan Road Rupnagar | **Rs. 1100** |
| 5. | S.Harmel Singh Rtd. Lecturer # Kotla Nihang ( Rupnagar) | **Rs. 1100** |
| 6 | S.Kuldip Singh Rtd. Asst.Edu.Off. # Kiratpur Sahib | **Rs.1000** |
| 7. | S. Karnail Singh Vill. Panjour, Distt. Hoshiarpur | **Rs. 500** |
| 8. | S. Manjit Singh, Vill. Panjour, Distt. Hoshiarpur | **Rs. 500** |
| 9. | S. Surjit Singh, Vill. Panjour, Distt. Hoshiarpur | **Rs. 500** |

***Administrators of Saini Bhawan Rupnagar are thankful to these donors***



## NEW LIFE MEMBERS OF "SAINI BHAWAN"

Continued from page No. 29 of 29th Issue



**518. S. Surinder Singh**
# 118-119, Gillco Valley
Rupnagar



**519. S. Amarjit Singh**
S/o S. Bhagat Singh
V.P.O. Panjour, Teh.
Garhshanker (Hoshiarpur)



**520. Dr. Harcharan Dass Sair**
(Retd. D.E.O.)
S/o S. Jagdish Singh # 73,
Mount View, G.Z.S. Nagar,
Rupnagar



**521. S. Tarlochan Singh**
S/o Ajmer Singh.
#474, Phase 3A, Mohali



**522. Er. Kultar Singh**
S/o Narinder Singh
M.D. Rajni Herbals,
Malikpur, Distt. Rupnagar



**523. Dr. Sowarn Singh**
(Retd. Prof. PAU Ludhiana)
# 308, Professor Colony,
Ludhiana



**524. Miss. Baljinder Kaur S.I.**
D/o S. Amarjeet Singh
V.P.O. Bela, Distt. Roopnagar



**525. S. Major Singh**
S/o S. Surmukh Singh
#4, Narindera Colony,
Roopnagar

**Compiled by :**
**Gurcharan Singh**



## FIVE YEAR MEMBERS OF "SAINI SANSAR"

Continued from page No. 29 of 29th Issue

**735. S. Amarjeet Singh**
Chd. Road, Nawanshahr

**736. S. Tajinder Singh**
Sadar Bazar, Ropar

**737. S. Gurnam Singh**
Ladies Fashion, Bela Chowk, Ropar

**738. S. Avtar Singh Mehatpuri**
# 1389, Sector 44-B, Chandigarh

**739. S. Jagir Singh**
Vill. Kherabad, P.O. Phool, Ropar

**740. Ms. Amanpreet Kaur**
# 1504E/1, Ranjeet Nagar, Kharar

**741. S. Karnail Singh (Retd. ASI)**
# 4400/72, Narindera Colony, Ropar

**742. Mrs. Surinder Kaur**
# 73, Ranjeet Avenue Colony, Ropar

**743. S. Jagmohan Singh**
# 63, G.Z.S. Nagar, Ropar

**744. S. Gurmail Singh**
# 13, Dashmesh Nagar, Ropar

**745. S. Ajitkanwal Singh**
# 1368, Sector 28-D, Chandigarh

**746. S. Surjan Singh**
Vill. Sainia, P.O. Karni Khera, Distt. Fazilka

**747. S. Gurpreet Singh**
Suresh Walal Saina,P.O.Karni Khera, Fazilka

**748. S. Sukhwinder Singh Salaria**
Preet Colony, Ropar

**749. S. Jasbir Singh**
V.P.O. Gajaunli

**750. S. Saminder Singh**
VPO. Dhamana, Teh. APS, Distt. Rupnagar

**751. Sh. Ram Kumar**
V.P.O. Mukari, Teh .APS, Distt. Rupnagar

**Compiled by :**
**Ajmer Singh Dhamrait**

Yearly membership of Magazine : Rs. 100/-
5 Years membership of Magazine : Rs. 500/-

ਕਹਾਣੀ

# ਸੁਨਾਮੀ

ਜਸਵੰਤ ਕੌਰ (ਡਾ.)
ਰੂਪਨਗਰ



ਸਾਰਾ ਕੁੱਝ ਐਨੀ ਤੇਜ਼ੀ ਨਾਲ ਹੋਇਆ ਕਿ ਸੋਚਣ ਦਾ ਸਮਾਂ ਹੀ ਨਹੀਂ ਮਿਲਿਆ। ਕੀ ਪਤਾ ਸੀ ਕਿ ਬਾਅਦ ਵਿੱਚ ਐਨੀਆਂ ਚਿੰਤਾਵਾਂ ਇਕੱਠੀਆਂ ਹੀ ਘੇਰ ਲੈਣਗੀਆਂ। ਬੱਸ ਸਾਡੇ ਦਫ਼ਤਰ ਵਿੱਚ ਬੈਠਿਆਂ ਜਿਉਂ ਹੀ ਗੱਲ ਚੱਲੀ, ਦੋ-ਤਿੰਨ ਦਿਨਾਂ ਵਿੱਚ ਹੀ ਦੇਖ-ਦਿਖਾਲੀ ਹੋਈ ਤੇ ਸਭ ਕੁੱਝ ਤੈਅ ਹੋ ਗਿਆ। ਥੋੜ੍ਹੇ ਦਿਨਾਂ ਦੇ ਅੰਦਰ-ਅੰਦਰ ਮੰਗਣੀ ਦੀ ਤਰੀਕ ਮਿਥ ਲਈ ਗਈ। ਸੋਚਿਆ ਸੀ ਮੁੰਡੇ ਦਾ ਖ਼ਾਸ ਰਿਸ਼ਤੇਦਾਰ ਬਜ਼ੁਰਗ ਜਿਸ ਨੇ ਗੱਲ ਤੋਰੀ ਸੀ, ਰੱਜਿਆ-ਪੁੱਜਿਆ, ਸੁਲਝਿਆ ਹੋਇਆ ਲੰਮਾ ਕਬੀਲਦਾਰ ਹੈ ਇੱਦਾਂ ਦੀਆਂ ਗੱਲਾਂ ਤੱਕ ਥੋੜ੍ਹਾ ਪਹੁੰਚਣ ਲੱਗੇ ਆ। ਅਖੇ ਮੰਗਣੀ ਸ਼ਹਿਰ ਦੇ ਅੱਡੇ ਨੇੜਲੇ ਹੋਟਲ ਵਿੱਚ ਹੋਵੇ ਤਾਂ ਕਿ ਰਿਸ਼ਤੇਦਾਰਾਂ ਨੂੰ ਦੂਰ ਨਾ ਜਾਣਾ ਪਵੇ। ਚਿੜੀ ਦੇ ਪਹੁੰਚੇ ਜਿੰਨਾਂ ਤਾਂ ਇਹ ਸ਼ਹਿਰ ਹੈ। ਦੋ ਢਾਈ ਮੀਲ ਦਾ ਤਾਂ ਕੁੱਲ ਘੇਰਾ ਹੋਵੇਗਾ ਇਸ ਦਾ। ਚਲੋ ਉਹ ਵੀ ਸਭ ਹੋ ਗਿਆ। ਚਾਹ-ਪਾਣੀ ਤੋਂ ਬਾਅਦ ਇੱਧਰ ਮਿਲਣੀ ਦੀ ਰਸਮ ਸ਼ੁਰੂ ਹੋਈ, ਉੱਧਰ ਪੀਣ-ਖਾਣ ਵਾਲੇ ਬੁੱਲਾਂ 'ਤੇ ਜੀਭ ਫੇਰਨ ਲੱਗੇ। ਲੜਕੀ ਵਾਲਿਆਂ ਨੇ ਤਾਂ ਸਿੱਧਾ ਪੱਧਰਾ ਜਿਹਾ ਹੀ ਪ੍ਰੋਗਰਾਮ ਸੋਚਿਆ ਸੀ ਪਰ ਮੰਗਣੀ ਵਾਲੇ ਦਿਨ ਤੱਕ ਮਨਾਉਤਾਂ ਤੋਂ ਲੈ ਕੇ ਖਾਣ-ਪੀਣ ਦੀਆਂ ਚੀਜ਼ਾਂ ਲਈ ਫ਼ੋਨ ਆਉਂਦੇ ਰਹੇ। ਸ਼ਗਨ ਪੈ ਗਿਆ। ਮਨਾਉਤਾਂ ਵੇਲੇ ਤਾਂ ਹੱਦ ਹੀ ਹੋ ਗਈ ਜਦੋਂ ਦਾਰੂ ਨਾਲ ਰੱਜੇ ਮੁੰਡੇ ਦੇ ਬਾਪ ਨੇ ਡੱਬਿਆਂ ਤੇ ਪੈਸਿਆਂ ਨਾਲ ਮਨਾਉਤਾਂ ਕਰਨ ਲਈ ਕੋਈ ਰਿਸ਼ਤੇਦਾਰ ਛੱਡਿਆ ਹੀ ਨਾ। ਇੰਨਾਂ ਸ਼ੁਕਰ ਕਿ ਸ਼ਹਿਰ ਵਿੱਚ ਹੋਣ ਕਰਕੇ ਤੱਤ ਭਲੱਥੀ ਦੇ ਬੰਦੋਬਸਤ ਕਰਨ ਵਿੱਚ ਮੁਸ਼ਕਲ ਨਾ ਆਈ। ਪਰ ਕੁੜੀ ਦੇ ਚਾਚੇ ਨੇ ਬਜਟ ਤੋਂ ਕਿਤੇ ਵੱਧ ਖਰਚ ਹੋ ਜਾਣ 'ਤੇ ਔਖ ਵੀ ਮਹਿਸੂਸ ਕੀਤੀ ਤੇ ਆਪਣੇ ਭਰਾ ਦੀ ਗੈਰਹਾਜ਼ਰੀ ਵਿੱਚ ਭਤੀਜੀ ਦੇ ਰਿਸ਼ਤੇ ਦੀ ਚੁੱਕੀ ਜ਼ਿੰਮੇਵਾਰੀ ਵਿੱਚ ਬਾਕੀ ਪਰਿਵਾਰ ਤੋਂ ਕੁੱਝ ਨਰਾਜ਼ਗੀ ਵੀ ਜਰੀ।

ਮੰਗਣੀ ਤੋਂ ਤਿੰਨ ਮਹੀਨੇ ਬਾਅਦ ਵਿਆਹ ਦੀ ਤਰੀਕ ਮਿਥ ਦਿੱਤੀ ਗਈ। ਪਰਦੇਸਾਂ ਵਿੱਚ ਬੈਠੇ ਕੁੜੀ ਦੇ ਬਾਪ ਨੇ ਛੋਟੇ ਭਰਾ ਦੀ ਗੱਲ ਇੰਨ-ਬਿੰਨ ਮੰਨ ਲਈ ਸੀ। ਉਹ ਕਿਸੇ ਵੀ ਗੱਲ ਨੂੰ ਟੁੱਕਦਾ ਨਹੀਂ ਸੀ। ਉਹਦੇ ਲਈ ਤਾਂ ਇੰਨਾਂ ਹੀ ਬਹੁਤ ਸੀ ਕਿ ਉਹ ਦੇ ਭਰਾ ਨੇ ਉਹ ਦੀ ਕਬੀਲਦਾਰੀ ਦਾ ਫ਼ਿਕਰ ਕਰ ਕੇ ਇੱਕ ਸਰਦੇ-ਪੁਜਦੇ ਘਰ ਵਿੱਚ ਰਿਸ਼ਤਾ ਕਰ ਦਿੱਤਾ ਸੀ। ਮੁੰਡਾ ਐਮ.ਬੀ.ਏ.ਸੀ ਤੇ ਕੁੜੀ ਐਮ.ਸੀ.ਏ. ਕਰਦੀ ਸੀ। ਦੋਹਾਂ ਦੀਆਂ ਡਿਗਰੀਆਂ ਦੀ ਮੌਜੂਦਾ ਸਮੇਂ ਵਿੱਚ ਚੰਗੀ ਪੁੱਛ ਸੀ। ਦੋਹਾਂ ਨੇ ਜ਼ਿੰਦਗੀ ਵਿੱਚ ਵਧੀਆ ਨਿਰਬਾਹ ਕਰ ਲੈਣਾ ਸੀ। ਮੁੰਡਾ ਕੱਲਾ ਹੀ ਸੀ ਅਤੇ ਸਿਆੜ ਵੀ ਚੰਗੇ ਸਨ। ਬਾਪ ਵੀ ਨੌਕਰੀ ਕਰਦਾ ਸੀ, ਮੁੰਡਾ ਵੀ ਭਾਵੇਂ ਕੱਚੀ ਨੌਕਰੀ 'ਤੇ ਸੀ ਪੈਂਤੀ-ਚਾਲੀ ਹਜ਼ਾਰ ਤਨਖ਼ਾਹ ਲੈ ਰਿਹਾ ਸੀ। ਹਰ ਤਰ੍ਹਾਂ ਸਭ ਕੁੱਝ ਠੀਕ-ਠਾਕ ਹੀ ਤਾਂ ਚੱਲ ਰਿਹਾ ਸੀ। ਲੜਕੀ ਦੇ ਪਿਤਾ ਨੇ ਛੁੱਟੀ ਦਾ ਪ੍ਰਬੰਧ ਕਰ ਲਿਆ ਸੀ। ਜਦੋਂ ਵੀ ਕੁੜੀ ਦਾ ਚਾਚਾ ਨਵੇਂ ਰਿਸ਼ਤੇਦਾਰਾਂ ਨਾਲ ਵਿਆਹ ਦੀ ਸਲਾਹ ਲਈ ਫ਼ੋਨ ਕਰਦਾ ਉਨ੍ਹਾਂ ਦੀ ਹਰ ਵਾਰੀ ਨਵੀਂ ਫ਼ੁਰਮਾਇਸ਼ ਹੁੰਦੀ। " ਆਪਣੇ ਸ਼ਹਿਰ ਦਾ ਕੇ.ਐਸ. ਪੈਲੇਸ ਹੀ ਬੁੱਕ ਕਰਵਾਓ, ਕੋਈ ਨਹੀਂ ਵਿਆਹ ਦੇ ਦੋ-ਚਾਰ ਦਿਨ ਅੱਗੇ-ਪਿੱਛੇ ਵੀ ਕਰਨਾ ਪਵੇ ਤਾਂ ਕੋਈ ਗੱਲ ਨਹੀਂ । ਦੇਖੋ ਜੀ! ਮੁੰਡੇ ਦਾ ਚਾਚਾ ਆੜ੍ਹਤੀਆ ਹੈ। ਰਾਜਸੀ ਅਸਰ ਰਸੂਖ ਵਾਲਾ ਬੰਦਾ ਹੈ। ਬਰਾਤ ਦਾ ਪੰਜ ਸੌ ਬੰਦਾ ਤਾਂ ਹੋ ਹੀ ਜਾਣਾ। ਤੁਹਾਡਾ ਕੁੱਕ ਵਧੀਆ ਲਗਦਾ। ਸਾਡੀ ਘਰ ਵਿੱਚ ਹੋਣ ਵਾਲੀ ਪਾਰਟੀ ਲਈ ਵੀ ਉਹਨੂੰ ਹੀ ਬੁੱਕ ਕਰ ਲਓ"।

" ਦੇਖੋ ਭਾਅ ਜੀ! ਸਾਡਾ ਇੱਕੋ ਮੁੰਡਾ। ਲੰਮੀ ਚੌੜੀ ਰਿਸ਼ਤੇਦਾਰੀ ਐ। ਕਿਹਨੂੰ ਬੁਲਾਈਏ ਕਿਹਨੂੰ ਛੱਡੀਏ ? ਅਸੀਂ ਲੈਣਾ ਦੇਣਾ ਤਾਂ ਕੁੱਝ ਨਹੀਂ, ਬਰਾਤ ਦੀ ਸੇਵਾ ਦੱਬ ਕੇ ਚੰਗੀ ਤਰ੍ਹਾਂ ਕਰ ਦਿਓ"। " ਸੇਵਾ ਕਿਸ ਤਰ੍ਹਾਂ ਦੀ ?" ਲੜਕੀ ਦੇ ਚਾਚੇ ਨੇ ਪੁੱਛਿਆ।

" ਭਾਅ ਜੀ! ਕਾਹਨੂੰ ਸ਼ਰਮਿੰਦਾ ਕਰਦੇ ਹੋ ? ਤੁਸੀਂ ਸ਼ਹਿਰ ਦੇ ਸਿਰਕੱਢ ਬੰਦੇ ਹੋ, ਬਥੇਰੇ ਵਿਆਹਾਂ 'ਤੇ ਜਾਂਦੇ ਹੋਵੋਗੇ, ਤੁਹਾਨੂੰ ਕਿਹੜਾ ਪਤਾ ਨੀ ਅੱਜ ਕੱਲ੍ਹ ਸੇਵਾ ਕਿਸ ਤਰ੍ਹਾਂ ਦੀ ਕਰੀਦੀ ਐ"।

ਜਿੱਦਾਂ ਜਿੱਦਾਂ ਵਿਆਹ ਨੇੜੇ ਆਉਂਦਾ ਗਿਆ, ਮੁੰਡੇ ਵਾਲਿਆਂ ਦੀਆਂ ਫ਼ਰਮਾਇਸ਼ਾਂ ਟੁੱਟੇ ਛਿੱਤਰ ਦੀ ਤਰ੍ਹਾਂ ਵਧਦੀਆਂ ਗਈਆਂ। ਇਸ ਬਾਰੇ ਮੁੰਡੇ ਨੂੰ ਖ਼ਬਰ ਸੀ ਕਿ ਨਹੀਂ ? ਮੁੰਡੇ ਦਾ ਬਾਪ ਘੱਟ ਬੋਲਦਾ। ਆੜ੍ਹਤੀਆ ਚਾਚਾ ਹੀ ਗੱਲ ਕਰਦਾ। ਕੁੜੀ ਦਾ ਬਾਪ ਬਾਹਰੋਂ ਆਇਆ ਤਾਂ ਸਿੱਧਾ ਹੀ ਮੁੰਡੇ ਵਾਲਿਆਂ ਦੇ ਘਰ ਜਾ ਪੁੱਜਾ। ਆਪਣੀ ਲਾਡਲੀ ਦਾ ਘਰ-ਬਾਰ ਦੇਖਣ ਦੇ ਬਹਾਨੇ। ਬਾਰਾਂ ਮਿਲਣੀਆਂ ਦੀ ਲਿਸਟ ਉਨ੍ਹਾਂ ਨੇ ਕੁੜੀ ਦੇ ਬਾਪ ਹੱਥ ਫੜਾ ਦਿੱਤੀ। ਅਖੇ ਮਿਲਣੀਆਂ ਵਧੀਆ ਕੰਬਲਾਂ ਤੇ ਮੁੰਦੀਆਂ ਨਾਲ ਹੋਣੀਆਂ ਚਾਹੀਦੀਆਂ। ਮਿਲਣੀਆਂ ਤੋਂ ਬਿਨਾ ਮਨੌਤੀਆਂ ਦੀ ਲਿਸਟ ਹੋਰ ਵੀ ਲੰਮੀ ਸੀ। ਉਹ ਨੇ ਆਪਣੇ ਭਰਾ ਨਾਲ ਗੱਲ ਕੀਤੀ, " ਵੀਰਾ! ਮੈਨੂੰ ਤਾਂ ਰਿਸ਼ਤੇਦਾਰ ਲਾਲਚੀ ਲਗਦੇ ਆ"।

ਚਾਚੇ ਨੇ ਆਪਣੇ ਭਰਾ ਦੀ ਗੈਰਹਾਜ਼ਰੀ ਵਿੱਚ ਹੀ ਸ਼ਹਿਰ ਦੇ ਵਧੀਆ ਕੁੱਕ ਤੋਂ ਖਾਣ-ਪੀਣ ਦੀ ਸੂਚੀ ਬਣਵਾ ਕੇ ਖਰਚੇ ਦਾ ਅੰਦਾਜ਼ਾ ਲਾਇਆ ਹੋਇਆ ਸੀ। ਆਪਣੇ ਭਰਾ ਦੀ ਗੱਲਬਾਤ ਤੋਂ ਬਾਅਦ ਤਾਂ ਉਹ ਵੀ ਆਪਣੇ ਆਪ ਨੂੰ ਕੁਬਿੱਧੀ ਵਿੱਚ ਫਸਿਆ ਸਮਝਣ ਲੱਗਾ। ਭਰਾ ਨੇ ਤਾਂ ਇਸ ਤੋਂ ਬਾਅਦ ਛੋਟੀ ਦੇ ਹੱਥ ਵੀ ਪੀਲੇ ਕਰਨੇ ਸਨ। ਉਹਦੀ ਆਮਦਨ ਵੀ ਬਹੁਤੀ ਨਹੀਂ ਸੀ। ਸੱਪ ਦੇ ਮੂੰਹ ਵਿੱਚ ਕਿਰਲੀ ਵਾਲੀ ਗੱਲ ਬਣ ਗਈ ਸੀ। ਮੰਗਣੀ 'ਤੇ ਹੀ ਡੇਢ ਲੱਖ ਖਰਚ ਹੋ ਗਿਆ

ਸੀ। ਕੁੜੀ ਦੇ ਕੱਪੜੇ ਲੀੜੇ, ਗਹਿਣੇ ਗੱਟੇ ਅਤੇ ਹੋਰ ਟੱਬਰ ਟੀਹਰ ਦਾ ਸਾਰਾ ਕੁੱਝ ਤਾਂ ਅਜੇ ਬਾਕੀ ਪਿਆ ਸੀ। ਰਿਸ਼ਤਾ ਚੰਗਾ ਕਰਕੇ ਕੁੜੀ ਦਾ ਪਿਓ ਛੱਡਣ ਨੂੰ ਵੀ ਨਾ ਮੰਨਿਆਂ। ਉਹ ਕਹਿਣ ਲੱਗਾ,“ ਬੀਰਾ ਤੂੰ ਜ਼ਰਾ ਹੋਰ ਕੌੜਾ ਘੁੱਟ ਭਰ, ਤੂੰ ਦੋ-ਤਿੰਨ ਲੱਖ ਦਾ ਬੰਦੋਬਸਤ ਕਰ ਦੇ, ਚੱਲ ਹਉ ਮੈਂ ਔਖਾ ਸੌਖਾ….”।

ਚਾਚੇ ਦੀ ਹਾਲਤ ਤਾਂ ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ਵਾਲੀ ਸੀ। ਉਹਦਾ ਆਪਣਾ ਬੇਟਾ ਦੋ ਮਹੀਨੇ ਬਾਅਦ ਬਾਹਰੋਂ ਵਿਆਹ ਕਰਾਉਣ ਆ ਰਿਹਾ ਸੀ। ਰਿਟਾਇਰਮੈਂਟ ਦਾ ਪੈਸਾ ਉਹ ਪੁਰਾਣੇ ਘਰ ਨੂੰ ਸੋਧਣ 'ਤੇ ਲਾ ਚੁੱਕਾ ਸੀ। ਦੋਨੋ ਭਰਾ ਦਿਨ ਰਾਤ ਵਿਆਹ ਦੇ ਆ ਰਹੇ ਖਰਚੇ ਨਾਲ ਚਿੰਤਾ ਵਿੱਚ ਫਸੇ ਰਹਿੰਦੇ ਸਨ। ਕੁੜੀ ਤੋਂ ਇਹ ਹਾਲਤ ਦੇਖੀ ਨਹੀਂ ਸੀ ਜਾਂਦੀ। ਮੰਗਣੀ ਤੋਂ ਦੂਜੇ ਦਿਨ ਤੋਂ ਹੀ ਕੁੜੀ ਮੁੰਡੇ ਨੇ ਫੋਨਾਂ ਰਾਹੀਂ ਅਜਿਹੀ ਗੱਲਬਾਤ ਸ਼ੁਰੂ ਕੀਤੀ ਕਿ ਉਨ੍ਹਾਂ ਦੀ ਨੇੜਤਾ ਨਾ ਟੁੱਟਣ ਦੀ ਸੀਮਾਂ ਤਾਈਂ ਵਧ ਚੁੱਕੀ ਸੀ। ਘਰ ਵਿੱਚ ਇਹ ਸੁਨਾਮੀ ਤਰਥੱਲੀ ਮਚਾ ਰਿਹਾ ਸੀ ਕਿ ਸਾਰੇ ਜੀਅ ਉਸ ਵਿੱਚ ਗਲ਼-ਗਲ਼ ਤੱਕ ਡੁੱਬੇ ਹੋਏ ਸਨ।

ਸਵੇਰੇ ਸ਼ਾਮ ਦੋਨੋਂ ਵਕਤ ਮੁੰਡਾ ਕੁੜੀ ਨੂੰ ਫੋਨ ਰਾਹੀਂ ਗੱਲੀਂ ਬਾਤੀਂ ਆਉਣ ਵਾਲੇ ਵਿਆਹ ਦੀਆਂ ਤਿਆਰੀਆਂ ਬਾਰੇ ਘੋਖਦਾ ਰਹਿੰਦਾ। ਭਵਿੱਖੀ ਪ੍ਰੋਗਰਾਮ ਬਣਾਉਂਦਾ ਰਹਿੰਦਾ। ਨਾ ਕੁੜੀ ਨੇ ਮੁੰਡੇ ਨੂੰ ਘਰ ਵਿਚਲੇ ਝੁੱਲਦੇ ਤੂਫਾਨ ਬਾਰੇ ਦੱਸਿਆ ਨਾ ਹੀ ਮੁੰਡੇ ਦੇ ਘਰਦਿਆਂ ਨੇ ਮੁੰਡੇ ਨੂੰ ਦੱਸਿਆ ਕਿ ਉਨ੍ਹਾਂ ਨੇ ਬਰਾਤ ਆਦਿ ਬਾਰੇ ਕੁੜੀ ਵਾਲਿਆਂ ਨੂੰ ਕੀ ਕਿਹਾ ਹੈ। ਇੱਕ ਦਿਨ ਕੁੜੀ ਨੂੰ ਬਹੁਤ ਹੀ ਉਦਾਸੀ ਵਿੱਚ ਡੁੱਬੀ ਦੀ ਆਵਾਜ਼ ਸੁਣ ਕੇ ਮੁੰਡੇ ਨੇ ਪੁੱਛਿਆ, “ਸੀਤਲ ਕੀ ਗੱਲ ਰੋ ਕੇ ਹਟੀ ਏਂ ? ਕੀ ਘਰ ਵਿੱਚ ਸਭ ਠੀਕ ਤਾਂ ਹੈ ? ਤੂੰ ਕਿਉਂ ਡੁੱਬੀ ਜਿਹੀ ਆਵਾਜ਼ ਵਿੱਚ….”।

“ਹਾਂ ਸੂਰਜ! ਮੈਨੂੰ ਤਾਂ ਫ਼ਿਕਰਾਂ ਦੇ ਜਵਾਰਭਾਟੇ ਨੇ ਘੇਰਿਆ ਹੋਇਆ ਏ। ਜਿਸ ਦਿਨ ਦੇ ਪਾਪਾ ਤੁਹਾਡੇ ਘਰ ਤੋਂ ਆਏ ਨੇ ਮੰਜੇ ਤੋਂ ਨਹੀਂ ਉੱਠਦੇ। ਚਾਚਾ ਜੀ ਵੀ ਹਰ ਵੇਲੇ ਗੁਨਾਹਗਾਰੀ ਨਜ਼ਰਾਂ ਨਾਲ ਘਰ ਵਿੱਚ ਘੁੰਮਦੇ ਰਹਿੰਦੇ ਹਨ”। ਛੋਟੀ ਭੈਣ ਚੰਚਲ ਨੇ ਸੀਤਲ ਕੋਲੋਂ ਫ਼ੋਨ ਖੋਹ ਲਿਆ ਅਤੇ ਘਰ ਵਿੱਚ ਆਏ ਹੋਏ ਸੁਨਾਮੀ ਬਾਰੇ ਸਭ ਕੁੱਝ ਸੂਰਜ ਨੂੰ ਦੱਸ ਦਿੱਤਾ।

ਥੋੜ੍ਹੀ ਦੇਰ ਬਾਅਦ ਫੋਨ ਦੀ ਘੰਟੀ ਵੱਜੀ। ਚੰਚਲ ਨੇ ਫੋਨ ਚੁੱਕਿਆ ਤਾਂ ਸੂਰਜ ਬੋਲਿਆ,” ਸੀਤਲ ਨਾਲ ਗੱਲ ਕਰਾ”। ਸੂਰਜ ਬੜੇ ਗੁੱਸੇ ਨਾਲ ਤਪ ਰਿਹਾ ਸੀ। ਉਸ ਨੇ ਕਿਹਾ,” ਸੀਤਲ ਘਬਰਾ ਨਾ। ਇਹ ਵਿਆਹ ਆਪਾਂ ਦਾ ਹੋ ਰਿਹਾ ਨਾਂ ਕਿ ਮਾਪਿਆਂ ਦਾ। ਸਾਡੇ ਘਰ ਬੜਾ ਕੁੱਝ ਹੈ। ਮੈਨੂੰ ਜੀਵਨ ਸਾਥਣ ਦੀ ਲੋੜ ਹੈ ਨਾ ਕਿ ਸਮਾਜਿਕ ਅਡੰਬਰਾਂ ਦੀ। ਅਸੀਂ ਵਿਆਹ ਦੀ ਪਾਰਟੀ 'ਤੇ ਆਪਣੇ ਘਰ ਹੀ ਰਿਸ਼ਤੇਦਾਰ ਬੁਲਾ ਰਹੇ ਹਾਂ। ਤੁਹਾਡੇ ਘਰ ਅਸੀਂ ਕੁੱਝ ਕੁ ਬੰਦੇ ਹੀ ਆਵਾਂਗੇ। ਆਨੰਦਕਾਰਜ ਤੋਂ ਬਾਅਦ ਹੀ ਮੁੜ ਆਵਾਂਗੇ। ਸ਼ਾਮ ਨੂੰ ਆਪਣੇ ਘਰ ਬਾਕੀ ਰਿਸ਼ਤੇਦਾਰਾਂ ਨਾਲ ਪਾਰਟੀ ਕਰਾਂਗੇ। ਇਹ ਸਭ ਕੁੱਝ ਦਾ ਫ਼ੈਸਲਾ ਮੈਂ ਆਪਣੇ ਮਾਪਿਆਂ ਨੂੰ ਸੁਣਾ ਦਿੱਤਾ ਹੈ, ਬੱਸ”।

ਸੀਤਲ ਦੇ ਘਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਚਿੰਤਾਵਾਂ ਉਡ ਗਈਆਂ। ਸੁਨਾਮੀ ਸ਼ਾਂਤ ਹੋ ਗਿਆ ਸੀ।

* * * * *



## ਮੈਂ ਕੌਣ ਹਾਂ?

**ਕੁਲਵਿੰਦਰ ਖੈਰਾਬਾਦੀ**
ਪਿੰਡ ਖੈਰਾਬਾਦ (ਰੂਪਨਗਰ)
98158-08422

ਮੈਂ ਕੌਣ ਹਾਂ, ਕਿੱਥੋਂ ਆਇਆ ਕਿੱਥੇ ਜਾਣਾ? ਕੁੱਝ ਪਤਾ ਨਹੀਂ।
ਸਿਰਨਾਵੇਂ ਦੱਸਦਾ ਲੋਕਾਂ ਨੂੰ, ਆਪਣਾ ਟਿਕਾਣਾ ਪਤਾ ਨਹੀਂ।
ਮੈ ਕੌਣ ਹਾਂ ਕਿੱਥੋਂ ਆਇਆ…….
ਮੈਂ ਪਹਿਚਾਣਦਾ ਆਪਣੇ ਆਪ ਨੂੰ ਹਾਂ,
ਪਰ ਜਾਣਦਾ ਨਹੀਂ ਕਿ ਕੌਣ ਹਾਂ ਮੈਂ।
ਬੜੀ ਕੋਸ਼ਿਸ਼ ਕੀਤੀ ਜਾਨਣ ਦੀ,
ਹਰ ਵਾਰ ਹੀ ਧੋਖਾ ਖਾਂਵਦਾ ਮੈਂ।
ਕਦੇ ਧੋਖਾ ਦਿੰਦਾ ਦੁਨੀਆਂ ਨੂੰ,
ਕਦੇ ਖੁਦ ਧੋਖਾ ਵੀ ਖਾ ਜਾਂਦਾ।
ਉਹ ਘਰ ਤੇਰਾ, ਉਹ ਦਰ ਤੇਰਾ,
ਮੈਂ ਦੱਸਦਾ ਫਿਰਦਾ ਲੋਕਾਂ ਨੂੰ।
ਪਰ ਮੇਰੇ ਆਪਣੇ ਘਰ ਦਾ ਹੀ ਸਿਰਨਾਵਾਂ ਮੈਨੂੰ ਪਤਾ ਨਹੀਂ।
ਮੈਂ ਕੌਣ ਹਾਂ ਕਿੱਥੋਂ ਆਇਆ……..
ਮੈਂ ਕਈ ਕਈ ਰੰਗ ਵਟਾਉਂਦਾ ਹਾਂ,
ਚਿਹਰੇ 'ਤੇ ਚਿਹਰਾ ਲਾਉਂਦਾ ਹਾਂ।
ਮੈਂ ਦਿਨੇ ਹੋਰ ਤੇ ਰਾਤੀਂ ਹੋਰ,
ਮੈਂ ਕਦੇ ਸਾਧ ਤੇ ਕਦੇ ਚੋਰ।
ਮੈਂ ਮਨ 'ਤੇ ਕਾਬੂ ਪਾਉਣ ਦੇ,
ਤਰੀਕੇ ਦੱਸਦਾ ਦੁਨੀਆਂ ਨੂੰ।
ਪਰ ਸੱਚ ਜਾਣਿਓ,
ਮੇਰਾ ਮਨ ਮੇਰੇ ਆਪਣੇ ਕਾਬੂ 'ਚ ਨਹੀਂ।
ਮੈਂ ਕੌਣ ਹਾਂ, ਕਿੱਥੋਂ ਆਇਆ
ਕਿੱਥੇ ਜਾਣਾ ? ਕੁੱਝ ਪਤਾ ਨਹੀਂ।

ਜੀਵਨ ਜਾਚ

ਡਾ. ਜਗਦੀਸ਼ ਕੌਰ ਵਾੜੀਆ

# ਮੋਕਲਾ ਕਰੋ ਦੋਸਤੀ ਦਾ ਦਾਇਰਾ

ਦੋਸਤੀ ਇੱਕ ਬਹੁਤ ਹੀ ਪਿਆਰਾ ਤੇ ਨਿੱਘਾ ਸ਼ਬਦ ਹੈ ਜਿਸ ਦੇ ਕਲਾਵੇ ਵਿੱਚ ਸਾਰੇ ਦੁਖ ਤੇ ਸੁਖ ਸਮਾ ਜਾਂਦੇ ਹਨ। ਦੋਸਤ ਉਹ ਨਹੀਂ ਜਿਸ ਨੂੰ ਤੁਸੀ ਚਿਰਾਂ ਤੋਂ ਜਾਣਦੇ ਹੋਵੋ, ਦੋਸਤ ਉਹ ਹੈ ਜੋ ਤੁਹਾਡੇ ਜੀਵਨ ਵਿੱਚ ਆਏ ਤੇ ਕਦੇ ਪੱਲਾ ਛੁਡਾ ਕੇ ਨਾ ਜਾਏ । ਦੋਸਤ ਉਹ ਹੈ ਜੋ ਤੁਹਾਡੀਆਂ ਅੱਖਾਂ ਤੇ ਦਿਲ ਵਿੱਚ ਛੁਪੇ ਦਰਦ ਨੂੰ ਵੇਖੇ, ਸਮਝੇ ਤੇ ਵੰਡਾਏ। ਸੱਚਾ ਦੋਸਤ ਉਹ ਹੁੰਦਾ ਹੈ ਜਿਸ ਦੇ ਮੋਢੇ' ਤੇ ਸਿਰ ਰੱਖ ਕੇ ਰੋਣ ਨੂੰ ਦਿਲ ਕਰੇ, ਗਲੇ ਲੱਗ ਕੇ ਖ਼ੁਸ਼ੀਆਂ ਸਾਂਝੀਆਂ ਕਰਨ ਨੂੰ ਦਿਲ ਕਰੇ ਤੇ ਦਿਲ ਦੇ ਰਾਜ਼ ਖੋਲ੍ਹ ਕੇ ਮਨ ਹਲਕਾ ਕਰਨ ਨੂੰ ਦਿਲ ਕਰੇ। ਜੋ ਮਾਂ-ਬਾਪ, ਭੈਣ-ਭਰਾ ਤੇ ਚੰਗਾ ਰਿਸ਼ਤੇਦਾਰ ਹੋਣ ਦਾ ਫਰਜ਼ ਅਦਾ ਕਰੇ, ਉਹ ਹੁੰਦਾ ਹੈ ਦੋਸਤ ਤੇ ਜੋ ਜੀਵਨ ਭਰ ਨਿਭੇ ਉਹ ਹੁੰਦੀ ਹੈ ਦੋਸਤੀ।

ਹਰ ਮਨੁੱਖ ਦਾ ਆਪਣਾ-ਆਪਣਾ ਸੁਭਾਅ, ਵਿਚਾਰ , ਸੋਚ, ਨਜ਼ਰੀਆ ਤੇ ਜੀਵਨ ਜਿਉਣ ਦਾ ਢੰਗ ਹੁੰਦਾ ਹੈ। ਸੋਚੀਏ ਕਿ ਹਰ ਕੋਈ ਸਾਡੇ ਮੁਤਾਬਕ ਚੱਲੇ, ਸਾਡੇ ਵਿਚਾਰਾਂ ਅਨੁਸਾਰ ਢਲ ਜਾਵੇ, ਸਾਡੀ ਜੀਵਨ ਸ਼ੈਲੀ ਅਪਣਾਏ, ਅਜਿਹਾ ਸੰਭਵ ਨਹੀਂ ਹੁੰਦਾ। ਹਰ ਮਨੁੱਖ ਗ਼ਲਤੀਆਂ ਦਾ ਪੁਤਲਾ ਹੁੰਦਾ ਹੈ। ਜੇ ਅਸੀ ਕਿਸੇ ਦੀ ਨੇੜਤਾ ਚਾਹੁੰਦੇ ਹਾਂ ਤਾਂ ਉਸ ਦੀਆ ਕਮੀਆਂ ਨੂੰ ਅੱਖੋਂ ਪਰੋਖੇ ਕਰਕੇ ਸਾਂਝ ਬਣਾਈ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ ਨਾ ਕਿ ਦਲੀਲ ਨਾਲ ਜਾਂ ਠੋਸ ਕੇ ਆਪਣੇ ਵਿਚਾਰਾਂ ਦਾ ਹਾਮੀ ਬਣਾਇਆ ਜਾਏ । ਇਸ ਨਾਲ ਗ਼ਲਤ ਪ੍ਰਭਾਵ ਵੀ ਪੈ ਸਕਦਾ ਹੈ ਤੇ ਦੂਸਰੇ ਵਿੱਚ ਘਟੀਆਪਣ ਦਾ ਅਹਿਸਾਸ ਵੀ ਪੈਦਾ ਹੋ ਸਕਦਾ ਹੈ।

ਦੋਸਤੀ ਨੂੰ ਕਾਇਮ ਰੱਖਣ ਲਈ ਆਪਣੇ ਆਪ ਨੂੰ ਦੋਸਤ ਨਾਲੋਂ ਬਹੁਤਾ ਸਿਆਣਾ, ਬੁੱਧੀਮਾਨ ਤੇ ਵਿਦਵਾਨ ਹੋਣ ਦਾ ਦਿਖਾਵਾ ਨਹੀ ਕਰਨਾ ਚਾਹੀਦਾ। ਇਸ ਨਾਲ ਉਸ ਦੇ ਅਹੰ ਨੂੰ ਠੇਸ ਪੁੱਜੇਗੀ। ਸੁਕਰਾਤ ਦਾ ਸੁਝਾਵ ਹੈ, "ਕਿਸੇ ਨੂੰ ਸਿੱਧਾ ਕੁਝ ਕਹਿਣ ਦੀ ਬਜਾਇ ਇੰਜ ਕਹੋ, ਵੇਖੋ ਮੇਰਾ ਵਿਚਾਰ ਇਹ ਹੈ। ਹੋ ਸਕਦਾ ਹੈ ਮੈਂ ਗ਼ਲਤ ਹੋਵਾਂ। ਆਓ ਇਸ ਬਾਰੇ ਵਿਚਾਰ ਕਰ ਲਈਏ।" ਇਹ ਜਾਦੂਈ ਸ਼ਬਦ ਹਨ। ਕੁਝ ਲੋਕ ਧਰਮ ਬਾਰੇ ਕੱਟੜ ਹੁੰਦੇ ਹਨ। ਉਨ੍ਹਾਂ ਵਿੱਚ ਸਹਿਜੇ-ਸਹਿਜੇ ਹੀ ਤਬਦੀਲੀ ਲਿਆਂਦੀ ਜਾ ਸਕਦੀ ਹੈ। ਦੂਸਰਿਆਂ ਨੂੰ ਉਨ੍ਹਾਂ ਦੇ ਨਜ਼ਰੀਏ ਤੋਂ ਵੇਖਣਾ ਜ਼ਰੂਰੀ ਹੁੰਦਾ ਹੈ ਨਾ ਕਿ ਆਪਣੇ ਨਜ਼ਰੀਏ ਤੋਂ। ਇਸ ਤਰਾਂ ਦੁਸ਼ਮਣ ਘਟਣਗੇ ਤੇ ਦੋਸਤ ਵਧਣਗੇ। ਦੂਸਰੇ ਪਾਸੇ ਜੇ ਕੋਈ ਤੁਹਾਡੇ ਨਾਲ ਸਹਿਮਤ ਨਹੀ ਤਾਂ ਉਸ ਦੀ ਗੱਲ ਸੁਣੋ ਤੇ ਆਪਣੀ ਕਮੀ ਦੂਰ ਕਰਨ ਦਾ ਯਤਨ ਕਰੋ।

ਕੋਸ਼ਿਸ਼ ਕਰੀਏ ਕਿ ਦੋਸਤ ਸਾਡੇ ਤੋਂ ਅੱਗੇ ਨਿਕਲ ਜਾਏ, ਤਰੱਕੀ ਕਰੇ, ਉਸ ਦੀ ਹੌਸਲਾ ਅਫ਼ਜਾਈ ਕਰੀਏ। ਨਿਮਰਤਾ ਤੇ ਪਿਆਰ ਅਜਿਹੇ ਹਥਿਆਰ ਹਨ ਜੋ ਦੁਸ਼ਮਣ ਨੂੰ ਵੀ ਦੋਸਤ ਬਣਾ ਲੈਂਦੇ ਹਨ। ਜੇ ਮਿੱਤਰ ਕੋਲੋਂ ਗ਼ਲਤੀ ਹੋ ਵੀ ਜਾਏ ਤਾਂ ਸਿਰੇ ਤੋਂ ਨਕਾਰਨਾ ਠੀਕ ਨਹੀ ਸਗੋਂ ਉਸ ਦੀ ਜਗ੍ਹਾ ਆਪਣੇ- ਆਪ ਨੂੰ ਰੱਖ ਕੇ ਦੇਖੀਏ। ਹੋ ਸਕਦਾ ਹੈ ਅਸੀ ਉਸ ਨੂੰ ਸਮਝਣ ਵਿੱਚ ਗਲਤੀ ਕਰ ਰਹੇ ਹੋਈਏ। ਉਸ ਪ੍ਰਤੀ ਹਮਦਰਦੀ ਦੀ ਭਾਵਨਾ ਰੱਖੀਏ। ਬਹੁਤੇ ਲੋਕ ਹਮਦਰਦੀ ਦੇ ਭੁੱਖੇ ਹੂੰਦੇ ਹਨ। ਬਦਲੇ ਵਿੱਚ ਪਿਆਰ ਤੇ ਸਤਿਕਾਰ ਮਿਲੇਗਾ। ਹਕੀਕੀ ਦੋਸਤੀ ਸੁਖ ਨੂੰ ਦੁਗਣਾ ਕਰਦੀ ਹੈ ਤੇ ਦੁਖ ਨੂੰ ਕਈ ਗੁਣਾ ਘਟਾਉਂਦੀ ਹੈ।



ਦੋਸਤੀ ਦੇ ਦਾਇਰੇ ਨੂੰ ਵਿਸ਼ਾਲ ਕਰਨ ਲਈ ਮਨੁੱਖ ਵਿੱਚ ਸ਼ਖ਼ਸੀ ਗੁਣ ਹੋਣੇ ਚਾਹੀਦੇ ਹਨ। ਜਿਵੇ ਜਦੋਂ ਵੀ ਘਰੋਂ ਬਾਹਰ ਨਿਕਲੀਏ ਸਿਰ ਉੱਚਾ ਕਰਕੇ ਤੁਰੀਏ, ਹਰ ਇੱਕ ਨੂੰ ਹੱਸ ਕੇ ਮਿਲੀਏ, ਪਿਆਰ ਨਾਲ ਹੱਥ ਮਿਲਾਈਏ, ਗਲਤਫਹਿਮੀ ਦਾ ਸ਼ਿਕਾਰ ਨਾ ਹੋਈਏ। ਦੋਸਤ ਬਣਾਉਣ ਤੇ ਦਾਇਰਾ ਮੋਕਲਾ ਕਰਨ ਲਈ ਇਹ ਵੀ ਜ਼ਰੂਰੀ ਹੈ ਕਿ ਹਮੇਸ਼ਾਂ ਆਪਣੀਆਂ ਤਾਰੀਫਾਂ ਦੇ ਪੁਲ ਨਾ ਬੰਨ੍ਹੀਏ, ਦੂਸਰਿਆਂ ਦੀ ਦਿਲਚਸਪੀ ਦੀ ਗੱਲ ਕਰੀਏ। ਜਦੋ ਅਸੀ ਖ਼ੁਸ਼ੀ ਦਿੰਦੇ ਤੇ ਧੰਨਵਾਦ ਸਹਿਤ ਸਵੀਕਾਰ ਕਰਦੇ ਹਾਂ ਤਾਂ ਹਰ ਦਿਲ ਵਿੱਚ ਖ਼ੁਸ਼ੀ ਤੇ ਦੋਸਤੀ ਦੀ ਭਾਵਨਾ ਦਾ ਸੰਚਾਰ ਹੁੰਦਾ ਹੈ। ਹਰ ਕੋਈ ਚਾਹੁੰਦਾ ਹੈ ਕਿ ਉਸ ਦੀ ਪ੍ਰਤਿਭਾ ਨੂੰ ਮਾਨਤਾ ਮਿਲੇ, ਵਿਲੱਖਣ ਸਥਾਨ ਮਿਲੇ, ਸੱਚੇ ਦਿਲੋਂ ਸਹੀ ਅਰਥਾਂ ਵਿੱਚ ਪ੍ਰੰਸ਼ਸ਼ਾ ਮਿਲੇ। ਇਹ ਤੋਹਫ਼ੇ ਹਨ। ਇਹ ਦੋਸਤਾਂ ਨੂੰ ਦਿਓ। ਬੁਢਾਪੇ ਵਿੱਚ ਅਕਸਰ ਇੱਕਲਤਾ ਕਾਰਨ ਮਨੁੱਖ ਹਮਦਰਦੀ, ਤਾਰੀਫ਼, ਨੇੜਤਾ, ਪਿਆਰ ਤੇ ਨਿੱਘ ਚਾਹੁੰਦਾ ਹੈ, ਪਰ ਸੁਭਾਅ ਕਾਰਨ ਦੂਰੀਆਂ ਵੱਧ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਨੁਕਸ ਕੱਢਣ ਦੀ ਬਜਾਇ ਪਿਆਰ ਦੇਈਏ, ਤਾਰੀਫ਼ ਕਰੀਏ, ਆਦਰ-ਸਤਿਕਾਰ ਤੇ ਸਨਮਾਨ ਦੇ ਕੇ ਨੇੜਤਾ ਬਣਾਈਏ। ਕਿਸੇ ਨੂੰ ਕੁਝ ਕਹਿਣਾ ਵੀ ਪਵੇ ਤਾਂ ਦੋਸਤਾਨਾਂ ਲਹਿਜੇ ਵਿੱਚ ਕਹੀਏ। ਕਿਸੇ ਵਿੱਚ ਜੋ ਵੀ ਯੋਗਤਾ ਹੈ ਉਸ ਦੀ ਤਾਰੀਫ਼ ਕਰੀਏ ਤਾਂ ਕਿ ਉਹ ਹੋਰ ਵਿਕਸਤ ਹੋਵੇ। ਦੋਸਤਾਂ-ਮਿੱਤਰਾਂ ਦੀ ਹੀ ਨਹੀਂ ਘਰ ਕੰਮ ਕਰਨ ਵਾਲੇ ਨੌਕਰਾਂ, ਬੱਚਿਆਂ, ਸਮਾਜਿਕ ਦਾਇਰੇ ਵਾਲੇ ਕਰਮਚਾਰੀਆਂ ਪ੍ਰਤੀ ਵੀ ਵਿਸ਼ਾਲ ਨਜ਼ਰੀਆ ਰੱਖਦੇ ਹੋਏ


ਪ੍ਰੋਤਸਾਹਨ ਦੇਣਾ ਚਾਹੀਦਾ ਹੈ।

ਦੋਸਤਾਂ ਮਿੱਤਰਾਂ ਪ੍ਰਤੀ ਇਮਾਨਦਾਰੀ ਰਹਿਣਾ, ਵਾਅਦਾ ਊਹ ਕਰਨਾ ਜੋ ਪੂਰਾ ਕਰ ਸਕੀਏ, ਉਨ੍ਹਾਂ ਦਾ ਨਫ਼ਾ ਨੁਕਸਾਨ ਪਹਿਲਾਂ ਸੋਚਣਾਂ, ਵਿਵਹਾਰ ਅਜਿਹਾ ਕਰਨਾ ਜਿਹੋ ਜਿਹਾ ਦੂਸਰਿਆਂ ਕੋਲੋਂ ਆਪਣੇ ਲਈ ਆਸ ਰੱਖਦੇ ਹਾਂ। ਸੁਝਾਅ ਉਹ ਦੇਈਏ ਜੋ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਏ, ਟੋਕਾ-ਟਾਕੀ ਰਾਹ ਸਿਰ ਦੀ ਤੇ ਉਸਾਰੂ ਸੋਚ ਵਾਲੀ ਕਰੀਏ ਤਾਂ ਕਿ ਮਿੱਤਰ ਸਹਿਮਤ ਹੋ ਜਾਏ। ਭਾਵੇਂ ਅਸੀਂ ਸਹੀ ਵੀ ਹੋਈਏ, ਪਰ ਘੱਟ ਆਲੋਚਨਾ ਕਰਨੀ ਚਾਹੀਦੀ ਹੈ। ਮਨੁੱਖ ਗ਼ਲਤੀਆਂ ਦਾ ਪੁਤਲਾ ਹੈ ਪਰ ਭਾਵਨਾ ਹਰ ਇੱਕ ਵਿੱਚ ਹੁੰਦੀ ਹੈ। ਜਦੋਂ ਅੰਤ ਨੂੰ ਠੇਸ ਪੁੱਜਦੀ ਹੈ ਤਾਂ ਬਗ਼ਾਵਤ ਦੀ ਭਾਵਨਾ ਪੈਦਾ ਹੁੰਦੀ ਹੈ। ਬੱਚਾ ਹੋਵੇ ਜਾਂ ਵੱਡਾ ਕੁਝ ਕਹਿਣ ਤੋਂ ਪਹਿਲਾਂ ਉਸ ਦੀ ਮਾਨਸਿਕਤਾ ਨੂੰ ਸਮਝੀਏ। ਇਸ ਨਾਲ ਹਮਦਰਦੀ, ਦਇਆ ਭਾਵਨਾ, ਸ਼ਹਿਣਸ਼ੀਲਤਾ ਤੇ ਮੁਆਫ ਕਰਨ ਦੀ ਭਾਵਨਾ ਵਧਦੀ ਹੈ। ਮਨੁੱਖੀ ਸੁਭਾਅ ਪ੍ਰਸ਼ੰਸ਼ਾ ਚਾਹੁੰਦਾ ਹੈ ਪਰ ਯਾਦ ਰਹੇ ਤਾਰੀਫ ਕਰੋ ਖੁਸ਼ਾਮਦ ਨਾ ਕਰੋ- ਦੋਹਾਂ ਵਿੱਚ ਬਹੁਤ ਅੰਤਰ ਹੈ। ਕਹਿੰਦੇ ਹਨ ਉਸ ਦੁਸ਼ਮਣ ਕੋਲੋਂ ਨਾ ਡਰੋ ਜੋ ਤੁਹਾਡੇ 'ਤੇ ਹਮਲਾ ਕਰਦਾ ਹੈ।ਪਰਿਵਾਰ, ਬੱਚੇ ਤੇ ਦੋਸਤ ਮਿੱਤਰ ਵੀ ਇਨਸਾਨ ਹਨ ਉਨ੍ਹਾਂ ਦੀ ਪ੍ਰਤਿਭਾ ਦੀ ਤਾਰੀਫ ਕਰੋ,ਪ੍ਰੋਤਸਾਹਨ ਦਿਉ। ਦੂਸਰਿਆਂ ਦੀ ਮਾਨਸਿਕਤਾ ਨੂੰ ਸਮਝੋ, ਸਤਿਕਾਰ ਕਰੋ, ਮਾਰਗ ਦਰਸ਼ਨ ਕਰੋ। ਇਸ ਨਾਲ ਹੌਸਲਾ ਹਫਜ਼ਾਈ ਹੁੰਦੀ ਹੈ ਤੇ ਨੇੜਤਾ ਵੀ ਵਧਦੀ ਹੈ।

ਪਿਆਰ ਇਕ ਅਜਿਹੀ ਸ਼ਕਤੀ ਹੈ ਜੋ ਮਾੜੇ ਤੋਂ ਮਾੜੇ ਵਿਆਕਤੀ ਨੂੰ ਵੀ ਬਦਲਣ ਦੀ ਸਮਰੱਥਾ ਰੱਖਦੀ ਹੈ। ਪਿਆਰ ਅੱਗ ਵਾਂਗ ਬਲਦਾ, ਪਾਣੀ ਵਾਂਗ ਪਵਿੱਤਰ ਕਰਦਾ, ਧਰਤੀ ਵਾਂਗ ਸਖਤ, ਖਲਾਅ ਵਾਂਗ ਅਸੀਮ, ਹਵਾ ਵਾਂਗ ਹਲਕਾ, ਖਿਆਲਾਂ ਤੇ ਵਿਚਾਰਾਂ ਨੂੰ ਉਡਾਣ ਦਿੰਦਾ ਹੈ ਜਿਸ ਦੀ ਖਿੱਚ ਘਟਦੀ ਨਹੀ। ਇਸ ਦਾ ਹੀ ਪ੍ਰਗਟਾ, ਕਵਿਤਾ ਤੇ ਸਾਹਿਤ ਦੇ ਹੋਰ ਰੂਪਾਂ ਵਿੱਚ ਹੁੰਦਾ ਹੈ। ਮਿੱਤਰਤਾ ਦਾ ਦਾਇਰਾ ਸੇਵਾ ਤੇ ਕੁਰਬਾਨੀ ਦੀ ਭਾਵਨਾ ਨਾਲ ਵਧਦਾ ਫੁੱਲਦਾ ਹੈ। ਪਿਆਰ ਅਜਿਹਾ ਧਰਮ ਹੈ ਜੋ ਸਚਾਈ ਤੇ ਅਹਿੰਸਾ ਦੇ ਅਸੂਲਾਂ ਉੱਤੇ ਤੁਰਦਾ ਹੈ। ਜੇ ਅਜਿਹੇ ਧਰਮ ਨੂੰ ਸੱਚੇ ਦਿਲੋਂ ਅਪਣਾ ਲਈਏ ਤਾਂ ਸਾਰੀ ਖੁਦਾਈ ਆਪਣੀ ਹੈ। ਮਿੱਤਰਤਾ ਤਾਂ ਆਪ ਮੁਹਾਰੇ ਆ ਗਲਵਕੜੀ ਪਾਏਗੀ।

**-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ**

❋ ❋ ❋ ❋ ❋



ਭਾਰਤ ਦੇ 71ਵੇਂ ਆਜ਼ਾਦੀ ਦਿਵਸ, **15** ਅਗਸਤ 2018 'ਤੇ ਸ਼ਹੀਦਾਂ ਨੂੰ ਝੁਕ ਝੁਕ ਸਲਾਮ।

## ਧੰਨਵਾਦ

• ਸ. ਹਰਜੀਤ ਸਿੰਘ ਸਪੁੱਤਰ ਸਵ. ਮਹਿੰਦਰ ਸਿੰਘ ਗਿਰਨ ਵਾਸੀ ਰੂਪਨਗਰ ਨੇ ਸਾਲਾਨਾ ਸੈਣੀ ਸੰਮੇਲਨ, 2018 ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਆਏ ਗਏ ਭੋਗ 'ਤੇ ਆਇਆ ਸਾਰਾ ਖਰਚਾ ਅਦਾ ਕੀਤਾ ਹੈ। ਉਨ੍ਹਾਂ ਨੇ ਇਹ ਸ਼ੁੱਭ ਕਾਰਜ ਸੈਣੀ ਭਵਨ ਦੇ ਅਕਾਲਾ ਚਲਾਣਾ ਕਰ ਗਏ ਸਾਰੇ ਬਜ਼ੁਰਗਾਂ ਦੀ ਯਾਦ ਨੂੰ ਸਮਰਪਿਤ ਕੀਤਾ ਹੈ। ਸੈਣੀ ਭਵਨਰੂਪਨਗਰ ਦੇ ਪ੍ਰਬੰਧਕ ਗਿਰਨ ਸਾਹਿਬ ਦੇ ਅਤਿ ਧੰਨਵਾਦੀ ਹਨ।

• ਸੈਣੀ ਭਵਨ ਦੀ ਹਿਤੈਸ਼ੀ ਕਾਰਜਕਰਤਾ ਸ਼੍ਰੀਮਤੀ ਵਿਜੇ ਲਕਸ਼ਮੀ ਸੈਣੀ ਨੇ ਸਾਲਾਨਾ ਸੈਣੀ ਸੰਮੇਲਨ,2018 ਸਮੇਂ ਦੋ ਲੋੜਵੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਭੇਟ ਕੀਤੀਆਂ ਹਨ ਤਾਂ ਜੋ ਉਹ ਇਨ੍ਹਾਂ ਸਿਲਾਈ ਮਸ਼ੀਨਾਂ ਦੀ ਵਰਤੋਂ ਕਰ ਕੇ ਆਰਥਿਕ ਪੱਖੋਂ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ। ਸ਼੍ਰੀਮਤੀ ਸੈਣੀ ਇਸ ਸਮਾਜਸੇਵੀ ਕਾਰਜ ਲਈ ਵਧਾਈ ਦੇ ਪਾਤਰ ਹਨ। ਪਰਮਾਤਮਾ ਇਸ ਦਾਨੀ ਨੂੰ ਲੰਬੀ ਉਮਰ ਬਖਸ਼ੇ ਅਤੇ ਮਨੁੱਖਤਾ ਦੀ ਸੇਵਾ ਕਰਨ ਦੀ ਅੰਤਰ-ਪ੍ਰੇਰਨਾ ਦੇਵੇ।

## ਕੁਦਰਤ ਦਾ ਕ੍ਰਿਸ਼ਮਾ

ਪ੍ਰਵਾਸੀ ਪੰਛੀ ਸੁਨਹਿਰੀ ਮਰ੍ਹਵਾ ( Golden Plover) ਹਰ ਸਾਲ ਅਮਰੀਕਾ ਦੇ ਅਲਾਸਕਾ ਖੇਤਰ ਤੋਂ ਇਸ ਦੇਸ਼ ਦੇ ਹਵਾਈ ਟਾਪੂਆਂ ਤੱਕ ਦਾ 4000 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਸਮੁੰਦਰ ਉੱਪਰ ਦੀ ਤੈਅ ਕਰਦੇ ਹਨ। ਉਸ ਰਸਤੇ ਵਿੱਚ ਕੋਈ ਖੁਸ਼ਕ



ਖੇਤਰ ਨਹੀਂ ਆਉਂਦਾ ਜਿੱਥੇ ਉਹ ਉੱਤਰ ਕੇ ਕੁੱਝ ਸਮਾਂ ਆਰਾਮ ਕਰ ਸਕਣ। ਉਨ੍ਹਾਂ ਨੂੰ ਤੈਰਨਾ ਵੀ ਨਹੀਂ ਆਉਂਦਾ। ਇਸ ਲਈ ਇਨ੍ਹਾਂ ਪੰਛੀਆਂ ਨੂੰ ਭੁੱਖੇ- ਪਿਆਸੇ ਲਗਾਤਾਰ 88 ਘੰਟੇ ਉਡਣਾ ਪੈਂਦਾ ਹੈ। ਪੰਛੀ ਵਿਗਿਆਨੀਆਂ ਅਨੁਸਾਰ ਇਹ ਸਫ਼ਰ ਤੈਅ ਕਰਨ ਲਈ 88 ਗ੍ਰਾਮ ਊਰਜਾ ਰੂਪੀ ਚਰਬੀ ਦੀ ਲੋੜ ਹੁੰਦੀ ਹੈ ਜਦੋਂ ਕਿ ਇਨ੍ਹਾਂ ਪੰਛੀਆਂ ਦੇ ਸਰੀਰ ਵਿੱਚ 70 ਕੁ ਗ੍ਰਾਮ ਚਰਬੀ ਹੁੰਦੀ ਹੈ। ਇਸ ਹਿਸਾਬ ਨਾਲ ਇਹ ਪੰਛੀ 800 ਕਿਲੋਮੀਟਰ ਦਾ ਸਫਰ ਰਹਿੰਦਿਆਂ ਹੀ ਸਮੁੰਦਰ ਵਿੱਚ ਡਿਗ ਕੇ ਮਰ ਮਿਟ ਜਾਣੇ ਚਾਹੀਦੇ ਹਨ। ਲੇਕਿਨ ਅਜਿਹਾ ਹੁੰਦਾ ਨਹੀਂ। ਇਹ ਪੰਛੀ ਨਾ ਕੇਵਲ ਸਫ਼ਲਤਾਪੂਰਬਕ ਆਪਣੀ ਮੰਜ਼ਿਲ 'ਤੇ ਪਹੁੰਚਦੇ ਹਨ ਸਗੋਂ ਸੰਕਟ ਕਾਲ ਸਮੇਂ ਵਰਤੇ ਜਾਣ ਲਈ 6-7% ਚਰਬੀ ਬਚਾ ਵੀ ਲੈਂਦੇ ਹਨ। ਇਹ ਕਿਵੇਂ ਸੰਭਵ ਹੁੰਦਾ ਹੈ ? ਦਰਅਸਲ ਇਹ ਪੰਛੀ ਇਕੱਠੇ ਉਡਦੇ ਸਮੇਂ ਅੰਗਰੇਜ਼ੀ ਦੇ ਅੱਖਰ 'v' ਆਕਾਰ ਦਾ ਝੁੰਡ ਬਣਾ ਲੈਂਦੇ ਹਨ। ਇਸ ਨਾਲ ਹਵਾ ਦੀ ਵਿਰੋਧਤਾ ਘਟ ਜਾਂਦੀ ਹੈ ਜਿਸ ਨਾਲ 23% ਊਰਜਾ ਦੀ ਬੱਚਤ ਹੋ ਜਾਂਦੀ ਹੈ। ਹੈਰਾਨੀ ਹੁੰਦੀ ਹੈ ਕਿ ਇਹ ਸੋਝੀ ਇਨ੍ਹਾਂ ਨੂੰ ਕੌਣ ਦਿੰਦਾ ਹੈ ? ਵਿਗਿਆਨ ਇਸ ਬਾਰੇ ਚੁੱਪ ਹੈ।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



36ਵੇਂ ਸੈਣੀ ਸੰਮੇਲਨ ਦੌਰਾਨ ਸਨਮਾਨਿਤ ਸਫ਼ਲ ਸੈਣੀ ਸਖ਼ਸ਼ੀਅਤਾਂ



ਸੈਣੀ ਸੰਮੇਲਨ ਦੌਰਾਨ ਸੈਣੀ ਭਵਨ ਦੇ ਪ੍ਰਬੰਧਕਾਂ ਦੀ ਟੀਮ



ਬਾਬਾ ਦਲਜੀਤ ਸਿੰਘ ਸ਼ਿਕਾਗੋ ਨੂੰ ਮੈਗਜ਼ੀਨ 'ਸੈਣੀ ਸੰਸਾਰ' ਭੇਂਟ ਕਰਦੇ ਹੋਏ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ



ਸੈਣੀ ਸੰਮੇਲਨ ਦੌਰਾਨ ਸੈਣੀ ਭਵਨ ਦੀਆਂ ਸਿਖਿਆਰਥਣਾਂ ਵਲੋਂ ਆਪਣੀਆਂ ਕਲਾਕ੍ਰਿਤੀਆਂ ਦੀ ਲਗਾਈ ਗਈ ਪ੍ਰਦਰਸ਼ਨੀ।



ਸੰਸਥਾ ਦੀਆਂ ਸਿਖਿਆਰਥਣਾਂ ਨੂੰ ਯੋਗ ਅਭਿਆਸ ਕਰਾਉਂਦੇ ਹੋਏ ਸੈਣੀ ਭਵਨ ਦੇ ਪੀ.ਆਰ.ਓ. ਸ੍ਰੀ ਰਾਜਿੰਦਰ ਸੈਣੀ

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ "ਸੈਣੀ ਸੰਸਾਰ" ਦਾ 29ਵਾਂ ਅੰਕ ਰਿਲੀਜ਼ ਕਰਦੇ ਹੋਏ ਸ. ਤਰਲੋਚਨ ਸਿੰਘ ਐੱਮ.ਡੀ. ਸਿਲਵਰ ਓਕ ਇੰਟਰਨੈਸ਼ਨਲ ਸਕੂਲ ਟਾਂਡਾ ਉੜਮੁੜ (ਹੁਸ਼ਿਆਰਪੁਰ)



36ਵੇਂ ਸੈਣੀ ਸੰਮੇਲਨ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦੀਆਂ ਹੋਈਆਂ ਸੈਣੀ ਭਵਨ ਦੀਆਂ ਸਿਖਿਆਰਥਣਾਂ



ਸੈਣੀ ਭਵਨ ਦੇ ਦਾਨੀ ਇੰਜ. ਭਗਵਾਨ ਸਿੰਘ ਪੰਚਕੂਲਾ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਮਹਿਮਾਨ ਅਤੇ ਹੋਰ ਪਤਵੰਤੇ ਸੱਜਣ





36ਵੇਂ ਸਾਲਾਨਾ ਸੈਣੀ ਸੰਮੇਲਨ ਸਮੇਂ ਹਾਜ਼ਰ ਸੈਣੀ ਬਰਾਦਰੀ ਦੇ ਪਤਵੰਤ ਸੱਜਣ

## ਸੈਣੀ ਬਰਾਦਰੀ ਦੀ ਮਾਣਮੱਤੀ ਧੀ- ਬਲਜਿੰਦਰ ਕੌਰ



ਰੂਪਨਗਰ ਜ਼ਿਲ੍ਹੇ ਦੇ ਕਸਬਾ ਬੇਲਾ ਦੇ ਸ. ਅਮਰਜੀਤ ਸਿੰਘ ਸੈਣੀ ਅਤੇ ਸ਼੍ਰੀਮਤੀ ਕੁਲਵਿੰਦਰ ਕੌਰ ਦੀ ਪੁੱਤਰੀ ਬਲਜਿੰਦਰ ਕੌਰ ਨੇ ਪੰਜਾਬ ਪੁਲਿਸ ਵਿੱਚ ਸਬ ਇੰਸਪੈਕਟਰ ਦਾ ਅਹੁਦਾ ਹਾਸਿਲ ਕਰਕੇ ਆਪਣੇ ਪਰਿਵਾਰ ਅਤੇ ਬਰਾਦਰੀ ਦੇ ਨਾਮ ਨੂੰ ਚਾਰ ਚੰਨ ਲਾਏ ਹਨ। ਉਸ ਨੇ ਬੀ.ਏ. ਦੀ ਡਿਗਰੀ ਬੇਲਾ ਵਿਖੇ ਕਾਲਜ ਤੋਂ ਹਾਸਲ ਕਰਨ ਉਪਰੰਤ ਅਰਥ ਸ਼ਾਸਤਰ ਵਿਸ਼ੇ ਵਿੱਚ ਐਮ.ਏ.ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਤੋਂ ਪਾਸ ਕੀਤੀ। ਬਲਜਿੰਦਰ ਕੌਰ ਨੇ ਰਾਜ ਸਕੂਲ ਖੇਡਾਂ ਦੇ ਐਥੈਟਿਕਸ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਬੇਲਾ ਕਾਲਜ ਵਿੱਚ ਤਿੰਨ ਸਾਲ ਬੈਸਟ ਐਥਲੀਟ ਬਣਨ ਦਾ ਮਾਣ ਹਾਸਲ ਕੀਤਾ। ਉਸ ਨੇ ਐਨ.ਸੀ.ਸੀ.ਦਾ 'ਸੀ' ਸਰਟੀਫੀਕੇਟ 'ਏ' ਗਰੇਡ ਵਿੱਚ ਪਾਸ ਕੀਤਾ ਅਤੇ ਕੈਂਪ ਦੌਰਾਨ ਹੋਏ ਰਾਈਫਲ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਮਾਤਾ ਗੁਜਰੀ ਕਾਲਜ ਵਿੱਚ ਵੀ ਉਸ ਨੂੰ 'ਕਾਲਜ ਕਲਰ' ਨਾਲ ਸਨਮਾਨਿਤ ਕੀਤਾ ਗਿਆ। ਬਲਜਿੰਦਰ ਕੌਰ ਨੇ ਬੀ.ਐਡ. ਦੀ ਡਿਗਰੀ ਰਿਆਤ ਕਾਲਜ ਆਫ ਐਜੂਕੇਸ਼ਨ ਤੋਂ ਪਾਸ ਕੀਤੀ ਅਤੇ 2016 ਵਿੱਚ ਬੇਲਾ ਕਾਲਜ ਵਿੱਚ ਛੇ ਕੁ ਮਹੀਨੇ ਸਹਾਇਕ ਪ੍ਰੋਫੈਸਰ ਦੀ ਨੌਕਰੀ ਕੀਤੀ। ਇਸ ਨੌਕਰੀ ਤੋਂ ਉਹ ਸੰਤੁਸ਼ਟ ਨਹੀਂ ਸੀ ਜਿਸ ਕਰਕੇ ਪੰਜਾਬ ਪੁਲਿਸ ਵਿੱਚ ਸਬ-ਇੰਸਪੈਕਟਰ ਭਰਤੀ ਹੋਣ ਲਈ ਮੁਕਾਬਲੇ ਦੀ ਪ੍ਰੀਖਿਆ ਦਿੱਤੀ ਜਿਸ ਵਿੱਚ ਉਹ ਸਫਲ ਹੋਈ। ਇਸ ਸਮੇਂ ਉਹ ਰੂਪਨਗਰ ਜ਼ਿਲ੍ਹੇ ਵਿੱਚ ਤਾਇਨਾਤ ਹੈ ਅਤੇ ਕਮਾਂਡੋ ਦੀ ਸਿਖਲਾਈ ਲੈ ਰਹੀ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਆਪਣੀ ਇਸ ਉਤਸ਼ਾਹੀ ਧੀ 'ਤੇ ਅੰਤਾਂ ਦਾ ਮਾਣ ਹੈ। ਪਰਮਾਤਮਾ ਉਸ ਨੂੰ ਤਰੱਕੀਆਂ ਦੇਵੇ ਅਤੇ ਸਮਾਜ ਦੀ ਸੇਵਾ ਇਮਾਨਦਾਰੀ ਨਾਲ ਕਰਨ ਦਾ ਬਲ ਬਖਸ਼ੇ।

### ਵਿਕਾਸ ਦਾ ਢੰਡੋਰਾ

ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਤੋਂ ਆਰ.ਟੀ.ਆਈ. ਅਧੀਨ ਦਿੱਤੀ ਜਾਣਕਾਰੀ ਅਨੁਸਾਰ ਮੋਦੀ ਸਰਕਾਰ ਨੇ ਲੋਕਾਂ ਨੂੰ ਆਪਣੇ ਚਾਰ ਸਾਲਾਂ ਦੇ ਰਾਜ-ਕਾਲ ਦੌਰਾਨ ਕੀਤੇ ਵਿਕਾਸ ਕਾਰਜਾਂ ਤੋਂ ਜਾਣੂ ਕਰਵਾਉਣ ਲਈ ਇਸ਼ਤਿਹਾਰਾਂ 'ਤੇ 4343 ਕਰੋੜ ਰੁਪਏ ਖਰਚ ਕੀਤੇ ਹਨ। ਜੇ ਇਹ ਵਿਕਾਸ ਕਾਰਜ ਲੋਕਾਂ ਦੀ ਭਲਾਈ ਲਈ ਹੀ ਖਰਚ ਹੋਏ ਹਨ ਤਾਂ ਉਨ੍ਹਾਂ ਨੂੰ ਚਿਤਾਰਨ ਦੀ ਕੀ ਲੋੜ ਹੈ? ਚੰਗਾ ਹੁੰਦਾ ਜੇ ਅਜਾਈਂ ਗੁਆਈ ਇਹ ਏਨੀ ਵੱਡੀ ਰਾਸ਼ੀ ਵੀ ਲੋਕਾਂ ਲਈ ਖਰਚ ਕਰ ਦਿੱਤੀ ਜਾਂਦੀ।

## ਬਰਾਦਰੀ ਦਾ ਮਾਣ-ਕ੍ਰਿਕਟਰ ਨਵਦੀਪ ਸੈਣੀ



ਹਰਿਆਣਾ ਸੂਬੇ ਵਿੱਚ ਕਰਨਾਲ ਸ਼ਹਿਰ ਦੇ ਜੰਮਪਲ ਨਵਦੀਪ ਸੈਣੀ ਨੂੰ ਭਾਰਤੀ ਕ੍ਰਿਕਟ ਟੀਮ ਵਿੱਚ ਸ਼ਾਮਿਲ ਕੀਤਾ ਗਿਆ ਹੈ। ਉਹ ਅਫਗਾਨਿਸਤਾਨ ਦੀ ਟੀਮ ਵਿਰੁੱਧ ਖੇਡੇਗਾ। ਨਵਦੀਪ ਇਸ ਵੇਲੇ ਘਰੇਲੂ ਪੱਧਰ 'ਤੇ ਟੈਸਟ ਕ੍ਰਿਕਟ ਵਿੱਚ ਸਭ ਤੋਂ ਤੇਜ਼ ਗੇਂਦਬਾਜ਼ਾਂ ਵਿੱਚੋਂ ਇਕ ਹੈ। ਉਸ ਨੇ ਪਿਛਲੇ ਦੋ ਸੈਸ਼ਨਾਂ ਦੌਰਾਨ ਰਣਜੀ ਟਰਾਫੀ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ। ਸੈਣੀ ਚਾਰ ਰੋਜ਼ਾ ਮੈਚਾਂ ਲਈ ਅਗਲੇ ਮਹੀਨੇ ਇੰਗਲੈਂਡ ਦਾ ਦੌਰਾ ਕਰਨ ਵਾਲੀ ਭਾਰਤ'ਏ' ਟੀਮ ਦਾ ਵੀ ਮੈਂਬਰ ਹੈ। ਇਸ 25 ਸਾਲਾ ਖਿਡਾਰੀ ਨੇ ਹੁਣ ਤੱਕ 31 ਟੈਸਟ ਮੈਚਾਂ ਵਿੱਚ 96 ਵਿਕਟਾਂ ਲਈਆਂ ਹਨ।

ਨਵਦੀਪ ਸੈਣੀ (ਵਿੱਕੀ) ਦਾ ਜਨਮ 23.11.1992 ਨੂੰ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ। ਉਸ ਦਾ ਪਿਤਾ ਹਰਿਆਣਾ ਵਿੱਚ ਸਰਕਾਰੀ ਡਰਾਇਵਰ ਹੈ ਅਤੇ ਦਾਦਾ ਆਈ.ਐਨ.ਏ. ਆਜ਼ਾਦੀ ਸੰਗ੍ਰਾਮੀ ਹੈ। ਨਵਦੀਪ ਨੇ ਸਕੂਲੀ ਕਾਲਿਜ ਸਿੱਖਿਆ ਕਰਨਾਲ ਤੋਂ ਹੀ ਪ੍ਰਾਪਤ ਕੀਤੀ। ਸਕੂਲ ਪੱਧਰ ਤੋਂ ਹੀ ਉਸ ਨੇ ਕ੍ਰਿਕਟ ਖੇਡਣੀ ਸ਼ੁਰੂ ਕਰ ਦਿੱਤੀ। ਸੰਨ 2013 ਵਿੱਚ ਉਹ ਰਣਜੀ ਟਰਾਫੀ ਲਈ ਦਿੱਲੀ ਦੀ ਟੀਮ ਵਿੱਚ ਚੁਣਿਆਂ ਗਿਆ। ਉਹ 2016 ਵਿੱਚ ਸਯਦ ਮੁਸ਼ਤਾਕ ਅਲੀ ਟਰਾਫੀ ਲਈ ਵੀ ਦਿੱਲੀ ਦੀ ਟੀਮ ਵਿੱਚ ਖੇਡਿਆ। ਆਈ ਪੀ ਐਲ ਮੈਚਾਂ ਲਈ ਦਿੱਲੀ ਡੇਅਰਡੈਵਿਲ ਨੇ ਉਸ ਨੂੰ 1 ਮਿਲੀਅਨ ਰੁਪਏ ਵਿੱਚ ਖਰੀਦ ਲਿਆ। ਉਹ ਦੱਖਣੀ ਅਫਰੀਕਾ ਵਿੱਚ ਖੇਡਣ ਗਈ ਭਾਰਤੀ ਏ ਟੀਮ ਦਾ ਵੀ ਮੈਂਬਰ ਸੀ ਜਿੱਥੇ ਉਸ ਨੇ ਦੋ ਗੇਮਾਂ ਵਿੱਚ 7 ਵਿਕਟਾਂ ਲਈਆਂ। ਸੈਣੀ ਦੁਲੀਪ ਟਰਾਫੀ ਲਈ ਵੀ ਖੇਡ ਚੁੱਕਾ ਹੈ ਅਤੇ ਵਿਜਯਵਾੜਾ ਵਿਖੇ ਨਿਊਜ਼ੀਲੈਂਡ ਦੀ ਟੀਮ ਵਿਰੁੱਧ ਖੇਡਿਆ ਸੀ। ਉਹ ਆਪਣੀ ਸਫਲਤਾ ਦਾ ਸਿਹਰਾ ਗੌਤਮ ਗੰਭੀਰ ਸਿਰ ਬੰਨ੍ਹਦਾ ਹੈ। ਸਮੂਹ ਸੈਣੀ ਬਰਾਦਰੀ ਨੂੰ ਨਵਦੀਪ ਸੈਣੀ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ।

### ਵਧਾਈ

ਐਡਵੋਕੇਟ ਅਮਿੰਦਰਪ੍ਰੀਤ ਸਿੰਘ ਬਾਵਾ ਬਾਰ ਕੌਂਸਲ ਰੂਪਨਗਰ ਦੇ ਪ੍ਰਧਾਨ ਚੁਣੇ ਗਏ ਹਨ। ਐਡਵੋਕੇਟ ਸਾਹਿਬ ਅਤੇ ਉਸ ਦੇ ਪਰਿਵਾਰ ਨੂੰ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਬਹੁਤ ਬਹੁਤ ਮੁਬਾਰਕਾਂ। ਪਰਮਾਤਮਾ ਇਸ ਨੌਜਵਾਨ ਐਡਵੋਕੇਟ ਨੂੰ ਬੁਲੰਦੀਆਂ 'ਤੇ ਪਹੁੰਚਾਵੇ ਅਤੇ ਸਮਾਜ ਦੀ ਸੇਵਾ ਕਰਨ ਦਾ ਬਲ ਬਖਸ਼ੇ।

ਕਹਾਣੀ

# ਵਾਰਿਸ

ਮਨਜੀਤ ਕੌਰ ਅੰਬਾਲਵੀ



ਸਰਦਾਰ ਬਿਸ਼ਨ ਸਿੰਘ ਦਾ ਘਰ ਅੱਜ ਰੌਣਕਾਂ ਨਾਲ ਭਰਿਆ ਪਿਆ ਸੀ। ਬੜੀ ਹੀ ਗਹਿਮਾ ਗਹਿਮੀ ਸੀ।ਗਿੱਧੇ ਭੰਗੜੇ ਪੈ ਰਹੇ ਸਨ। ਘਰ ਦੇ ਬਾਹਰ ਪੰਡਾਲ ਸਜਿਆ ਹੋਇਆ ਸੀ। ਰੰਗ-ਬਿਰੰਗੇ ਸ਼ਾਮਿਆਨੇ ਲੱਗੇ ਦਿਖਾਈ ਦੇ ਰਹੇ ਸਨ। ਆਉਣ ਵਾਲੇ ਮਹਿਮਾਨਾਂ ਦਾ ਤਾਂਤਾ ਲੱਗਿਆ ਹੋਇਆ ਸੀ। ਉਨ੍ਹਾਂ ਦਾ ਦਸ-ਪੰਦਰਾਂ ਸਾਲਾਂ ਤੋਂ ਸੱਖਣਾ ਵਿਹੜਾ ਅੱਜ ਖੁਸ਼ੀਆਂ ਨਾਲ ਭਰਿਆ ਪਿਆ ਸੀ। ਅੱਜ ਭੈਣ ਕੀਰਤ ਦੀ ਸੱਖਣੀ ਝੋਲੀ ਨੂੰ ਇੱਕ ਕਮਲੀ ਨੇ ਭਰ ਦਿੱਤਾ ਸੀ ਜਿਸ ਨੂੰ ਬੱਚੇ ਪਾਗਲ-ਪਾਗਲ ਕਹਿ ਕੇ ਉਸ ਦੇ ਵੱਟੇ ਮਾਰਦੇ ਸਨ।.....।

ਇਸ ਪਾਗਲ ਬਾਰੇ ਪਤਾ ਲਗਾਉਣ ਲਈ ਮੇਰਾ ਦਿਲ ਬੜਾ ਹੀ ਬੇਚੈਨ ਰਹਿੰਦਾ ਸੀ। ਇਹ ਕੌਣ ਹੈ? ਕਿਸ ਦੀ ਬੇਟੀ ਹੈ? ਕਿਸ ਬਾਪ ਦੇ ਘਰ ਦੀ ਲਾਜ ਹੈ? ਇਹ ਕਿਉਂ ਰੁਲਣ ਲਈ ਮਜ਼ਬੂਰ ਹੈ? ਕੀ ਇਸ ਨੂੰ ਸਹਾਰਾ ਦੇਣ ਵਾਲਾ ਕੋਈ ਨਹੀ ?......। ਇੱਕ ਦਿਨ ਮੈ ਆਪਣਾ ਕੰਮ ਕਰ ਰਹੀ ਸਾਂ ਕਿ ਮੋੜ 'ਤੇ ਖੜ੍ਹੀ ਉਹੀ ਕਮਲੀ ਮੇਰੀ ਨਜ਼ਰੀ ਪੈ ਗਈ। ਉਸ ਦੇ ਨਾਲ ਹੀ ਇਕ ਬਜ਼ੁਰਗ ਮਾਤਾ ਖੜ੍ਹੀ ਸੀ, ਜੋ ਉਸ ਨੂੰ ਪੁਚਕਾਰ ਕੇ ਰੋਟੀ ਖੁਆ ਰਹੀ ਸੀ। ਉਹ ਲਿੱਬੜੇ-ਤਿੱਬੜੇ ਹੱਥਾਂ ਨਾਲ ਰੋਟੀ ਦੇ ਵੱਡੇ ਵੱਡੇ ਟੁਕੜੇ ਕਰ ,ਅੰਦਰ ਸੁੱਟੀ ਜਾ ਰਹੀ ਸੀ।

"ਮਾਤਾ ਜੀ! ਇਹ ਕੌਣ ਹੈ? ਇਸ ਦੇ ਬਾਰੇ ਕੁਝ ਜਾਣਦੇ ਹੋ ? ਮੈ ਡਰਦਿਆਂ ਡਰਦਿਆਂ ਉਸ ਮਾਤਾ ਕੋਲੋਂ ਪੁੱਛਿਆ।

"ਬੇਟਾ ਮੈ ਤਾਂ ਇਹੀ ਜਾਣਦੀ ਹਾਂ ਕਿ ਇਹ ਬਹੁਤ ਵੱਡੇ ਘਰ ਦੀ ਧੀ ਸੀ। ਇਨ੍ਹਾਂ ਦਾ ਘਰ ਬਹੁਤ ਵੱਡਾ ਹਵੇਲੀ-ਨੁਮਾ ਸੀ। ਚਾਰ ਭਰਾਵਾਂ ਦਾ ਕਾਰੋਬਾਰ ਵੀ ਬਹੁਤ ਚੰਗਾ ਸੀ। ਕੁਝ ਸਾਲ ਪਹਿਲਾਂ ਹੀ ਇਸ ਦੀ ਸ਼ਾਦੀ ਕੈਨੇਡਾ ਵਸਦੇ ਇੰਜੀਨੀਅਰ ਨਾਲ ਹੋਈ ਸੀ। ਇਹ ਲੜਕੀ ਵੀ ਬਹੁਤ ਪੜ੍ਹੀ ਲਿਖੀ ਸੀ। ਕਹਿੰਦੇ ਹਨ, ਐਮ.ਸੀ.ਪੜ੍ਹੀ ਸੀ"। ਮੈ ਵਿਚੋਂ ਹੀ ਟੋਕਦਿਆਂ ਕਿਹਾ, "ਮਾਤਾ ਜੀ ਐਮ. ਐਸ. ਸੀ. ਕੀਤੀ ਹੋਊ ਵਿਚਾਰੀ ਨੇ"।

"ਮਾਤਾ ਜੀ ਅਜਿਹਾ ਕੀ ਹੋਇਆ ,ਉਸ ਵਿਚਾਰੀ ਨਾਲ, ਜੋ ਇਸ ਦੀ ਅਜਿਹੀ ਹਾਲਤ ਹੋ ਗਈ"। ਮੈਂ ਪੁੱਛਿਆ

"ਉਹੀਓ ਹੋਇਆ ਧੀਏ, ਜੋ ਸਾਰਿਆਂ ਨਾਲ ਹੁੰਦਾ ਏ। ਮੁੰਡਾ ਇਕ ਵਾਰ ਵਿਆਹ ਕਰਵਾ ਕੇ ਮੁੜ ਕੇ ਆਇਆ ਹੀ ਨਾ। ਫਿਰ ਪਤਾ ਲੱਗਾ ਕਿ ਉਹਨੇ ਉਧਰ ਹੀ ਵਿਆਹ ਕਰਵਾਇਆ ਹੋਇਆ ਸੀ। ਬਸ ਫਿਰ ਇਹ ਵਿਚਾਰੀ ਦਿਨਾਂ ਵਿੱਚ ਹੀ ਪਾਗਲਾਂ ਵਾਂਗ ਹੋ ਗਈ। ਇਸ ਨਕਰਮਣ ਦੇ ਮਾਂ ਬਾਪ ਵੀ ਸਦਮੇ ਨਾਲ ਮਰ ਗਏ। ਭਰਾ-ਭਰਜਾਈਆਂ ਨੂੰ ਇਹ ਬੋਝ ਜਾਪਣ ਲੱਗੀ। ਇਸ ਦਾ ਇਲਾਜ ਕਰਾਉਣ ਦੀ ਥਾਂ, ਇਸ ਨੂੰ ਬੇਸਹਾਰਾ ਛੱਡ ਦਿੱਤਾ"। ਉਸਦੀ ਕਹਾਣੀ ਦੱਸਦਿਆਂ ਦੱਸਦਿਆਂ ਮਾਂ ਨੇ ਅੱਖਾਂ ਭਰ ਲਈਆਂ।

" ਕੀ ਕੀਤਾ ਜਾਏ ਮਾਂ ਜੀ, ਸਾਰੀਆ ਕਰਮਾਂ ਦੀਆਂ ਖੇਡਾਂ ਨੇ"।

"ਕਰਮਾਂ ਦੀਆਂ ਹੀ ਖੇਡਾਂ ਨੇ ਧੀਏ, ਤਾਂ ਹੀ ਤਾਂ ਵਿਚਾਰੀ ਸਾਰਾ ਦਿਨ ਪੱਥਰ ਖਾਂਦੀ ਏ।....ਇਹਦੇ ਨਾਲੋਂ ਤਾਂ ਰੱਬ ਇਹਦੀ ਮਿੱਟੀ ਸਮੇਟ ਲੈਂਦਾਂ ਤਾਂ ਚੰਗਾ ਸੀ"।..........।

ਸ.ਬਿਸ਼ਨ ਸਿੰਘ ਬਹੁਤ ਹੀ ਨਿੱਘੇ ਤੇ ਮਿੱਠੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੀ ਪਤਨੀ ਕੀਰਤ ਵੀ ਬੜੇ ਹੀ ਨੇਕ ਤੇ ਧਾਰਮਿਕ ਬਿਰਤੀ ਵਾਲੀ ਔਰਤ ਸੀ।ਇਹ ਪਰਿਵਾਰ ਹਰ ਇਕ ਦੇ ਦੁਖ-ਸੁਖ ਵਿਚ ਮਦਦ ਕਰਨ ਵਾਲਾ ਸੀ। ਪਰ ਪਤਾ ਨਹੀ ਕਿਸ ਕਾਰਨ ਪ੍ਰਮਾਤਮਾਂ ਨੇ ਇਨ੍ਹਾਂ ਨੂੰ ਔਲਾਦ ਵੱਲੋਂ ਮਹਿਰੂਮ ਰੱਖਿਆ।.....। ਮੈਂ ਕਦੇ ਕਦੇ ਬੱਚਿਆਂ ਨੂੰ ਉਨ੍ਹਾਂ ਦੇ ਘਰ ਭੇਜਦੀ ਰਹਿੰਦੀ ਤਾਂ ਕਿ ਉਨ੍ਹਾਂ ਦਾ ਦਿਲ ਲੱਗਿਆ ਰਹੇ।ਬੱਚੇ ਵੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਦਾ ਸਾਡੇ ਘਰ ਆਉਣਾ ਜਾਣਾ ਲੱਗਿਆ ਰਹਿੰਦਾ ਸੀ।

ਫਿਰ ਇਕ ਦਿਨ ਮੇਰੇ ਵੱਡੇ ਬੇਟੇ ਨੇ ਆ ਕੇ ਮੈਨੂੰ ਦੱਸਿਆ, "ਮੰਮੀ ! ਅੱਜ ਆਂਟੀ ਤੇ ਅੰਕਲ ਜੀ ਨਾਲ ਉਨ੍ਹਾਂ ਦਾ ਭਤੀਜਾ ਲੜ ਰਿਹਾ ਸੀ, ਆਖ ਰਿਹਾ ਸੀ, ਹੁਣ ਤੁਸੀਂ ਅਪਣੀ ਜ਼ਮੀਨ ਸਾਡੇ ਨਾਂ ਕਰ ਦੇਵੋ, ਹੁਣ ਤਾਂ ਅਸੀਂ ਹੀ ਇਸ ਦੇ ਵਾਰਿਸ......."।

ਵਕਤ ਬੀਤਦਾ ਚਲਾ ਗਿਆ। ਇਕ ਦਿਨ ਮਾਰਕਿਟ ਵਿਚ ਮੈ ਡੀ.ਸੀ.ਐਮ. ਵਾਲਿਆਂ ਦੀ ਕੱਪੜੇ ਦੀ ਦੁਕਾਨ 'ਤੇ ਖੜ੍ਹੀ ਸੀ ਕਿ ਉਹੀ ਕਮਲੀ ਮੇਰੀਆਂ ਅੱਖਾਂ ਸਾਹਵੇਂ ਆ ਗਈ।ਮੈ ਉਸ ਨੂੰ ਵੇਖਦਿਆਂ ਹੀ ਪ੍ਰੇਸ਼ਾਨ ਜਿਹੀ ਹੋ ਗਈ। ਉਸ ਦਾ ਪੇਟ ਵਧਿਆ ਹੋਇਆ ਜਾਪਿਆ ਜਿਵੇਂ ਉਸਦੇ ਪੈਰ ਭਾਰੀ ਹੋਣ। ਮੈਨੂੰ ਲੱਗਿਆ ਜਿਵੇਂ ਮੇਰੀਆਂ ਨਜ਼ਰਾਂ ਦਾ ਧੋਖਾ ਹੋਵੇ।ਮੈਂ ਫਿਰ ਉਸ ਨੂੰ ਗਹੁ ਨਾਲ ਵੇਖਿਆ। ਸਚਮੁੱਚ ਹੀ ਉਹ.........। ਮੇਰਾ ਦਿਲ ਬੜਾ ਦੁਖੀ ਹੋਇਆ। ਇਸ ਵਿਚਾਰੀ ਨਾਲ ਵੀ ਬਲਾਤਕਾਰ......। ਇਹ ਜੋ ਪਾਗਲ ਹੈ, ਆਪਣੀ ਸੁੱਧ-ਬੁੱਧ ਖੋ ਬੈਠੀ ਹੈ। ਕੀ ਅੱਜ ਦਾ ਮਰਦ ਇੰਨਾ ਗਿਰ ਚੁੱਕਾ ਹੈ? ਉਸਦੀ ਜ਼ਮੀਰ ਮਰ ਚੁੱਕੀ ਹੈ,ਇਸ ਪਗਲੀ ਲਾਚਾਰ ਔਰਤ ਤੇ ਵੀ.......। ਉਹ ਵਿਚਾਰੀ ਬੜੀ ਮੁਸ਼ਕਿਲ ਨਾਲ ਚੱਲ ਰਹੀ ਸੀ। ਉਸਦੇ ਕੱਪੜੇ ਵੀ ਉਸਦੇ ਸਰੀਰ ਨੂੰ ਢੱਕਣ ਤੋ ਅਸਮਰੱਥ ਸਨ। ਪਰ ਉਸਨੂੰ ਕੌਣ ਸਮਝਾਏ ਕਿ ਇਸ ਹਾਲਤ ਵਿਚ ਇਸ ਤਰ੍ਹਾਂ ਨਾ ਘੁੰਮੇ। ਉਹ ਪੂਰੇ ਦਿਨਾਂ ਤੇ ਲੱਗ ਰਹੀ ਸੀ। ਪਤਾ ਨਹੀ ਕਿਸ ਦੇ ਪਾਪ ਦਾ ਬੋਝ ਢੋਅ ਰਹੀ ਸੀ।..........।

ਮੈ ਰਾਤ ਨੂੰ ਸੌਂ ਨਾ ਸਕੀ। ਸਾਰੀ ਰਾਤ ਸੋਚਾਂ ਦੇ ਤਾਣੇ-ਬਾਣੇ ਵਿੱਚ ਉਲਝੀ ਰਹੀ। ਉਸ ਕਮਲੀ ਦਾ ਕੀ ਬਣੂੰ? ਉਸ

ਦੇ ਲਈ ਕੁਝ ਨਾ ਕੁਝ ਕਰਨਾ ਚਾਹੀਦਾ ਹੈ।.......। ਅਚਨਚੇਤ ਹੀ ਇਕ ਖਿਆਲ ਮੇਰੇ ਅੰਦਰ ਬਿਜਲੀ ਵਾਂਗੂੰ ਘੁੰਮ ਗਿਆ। ਕਿਉਂ ਨਾ ਬਿਸ਼ਨ ਸਿੰਘ ਦੀ ਪਤਨੀ ਕੀਰਤ ਨਾਲ ਗੱਲ ਕਰਾਂ। ਉਹ ਜ਼ਰੂਰ ਮੰਨ ਜਾਣਗੇ।.... ਦੂਜੇ ਦਿਨ ਸੁਜਰੇ ਹੀ ਘਰ ਦਾ ਕੰਮ ਮੁਕਾ ਕੇ ਮੈਂ ਕੀਰਤ ਹੋਰਾਂ ਦੇ ਘਰ ਪੁੱਜੀ। ਦੋਹਾਂ ਜੀਆਂ ਦੇ ਨਾਲ ਆਪਣੇ ਦਿਲ ਦੇ ਵਿਚਾਰ ਸਾਂਝੇ ਕੀਤੇ; "ਭਰਾ ਜੀ, ਤੁਸੀ ਕਿੰਨੇ ਪਰੇਸ਼ਾਨ ਰਹਿੰਦੇ ਹੋ ਕਿ ਤੁਹਾਡਾ ਕੋਈ ਵਾਰਿਸ ਨਹੀ। ਤੁਹਾਡੇ ਖ਼ਾਨਦਾਨ ਨੂੰ ਰੌਸ਼ਨ ਕਰਨ ਵਾਲਾ ਕੋਈ ਚਿਰਾਗ ਨਹੀ। ਤੁਹਾਨੂੰ ਆਪਣਾ ਚਿਰਾਗ ਮਿਲ ਜਾਏਗਾ ਤੇ ਬੇਸਹਾਰਾ ਔਰਤ ਦੇ ਬੱਚੇ ਨੂੰ ਮਾਂ-ਬਾਪ ਦਾ ਪਿਆਰ।ਇਕ ਸਹਾਰਾ, ਸਿਰ ਦੀ ਛੱਤ। ਉਹ ਵਿਚਾਰੀ ਤਾਂ ਕੁਝ ਵੀ ਸਮਝਦੀ ਸੁਣਦੀ ਨਹੀ। ਪਰ ਉਸਦੀ ਆਤਮਾ ਤਾਂ ਤੁਹਾਨੂੰ ਜ਼ਰੂਰ ਅਸੀਸਾਂ ਦਵੇਗੀ"।ਮੈ ਉਨ੍ਹਾਂ ਨੂੰ ਬੇਨਤੀ ਕਰਦਿਆਂ ਆਖਿਆ।

ਆਖਿਰ ਉਹ ਮੰਨ ਗਏ। ਦੂਜੇ ਦਿਨ ਸਵੇਰੇ ਹੀ ਮੈ ਮੈਡਲ ਕੌਸ਼ਲ ਨਾਲ ਸਾਰੀ ਗੱਲਬਾਤ ਕੀਤੀ। ਉਨ੍ਹਾਂ ਦੀ ਸਹਾਇਕ ਲੱਛਮੀ ਨਾਲ ਉਸ ਕਮਲੀ ਨੂੰ ਲੈ ਕੇ ਹਸਪਤਾਲ ਪਹੁੰਚੇ। ਉਸਦਾ ਨਾਂ ਰਿਚਾ ਲਿਖਵਾ ਕੇ ਦਾਖਲ ਕਰਵਾ ਦਿੱਤਾ।.....। ਥੋੜੀ ਦੇਰ ਬਾਅਦ ਨਰਸ ਕਮਰੇ 'ਚੋਂ ਬਾਹਰ ਆਈ। ਅਸੀਂ ਸਾਰੇ ਉਸ ਵੱਲ ਭੱਜੇ। ਉਸਦੀਆਂ ਨਜ਼ਰਾਂ ਚੋਂ ਆਪਣੇ ਸੁਆਲ ਦਾ ਜੁਵਾਬ ਪੜ੍ਹਨ ਦੀ ਕੋਸ਼ਿਸ਼ ਕਰ ਹੀ ਰਹੇ ਸਾਂ ਕਿ ਨਰਸ ਬੋਲ ਪਈ, "ਰਿਚਾ ਨੂੰ ਬੇਟਾ ਹੋਇਆ ਹੈ ਪਰ ਉਸਦੀ ਹਾਲਤ ਨਾਜ਼ੁਕ ਹੈ। ਉਸ ਵਿੱਚ ਖ਼ੂਨ ਦੀ ਜ਼ਿਆਦਾ ਹੀ ਕਮੀ ਹੈ। ਖ਼ੂਨ ਚੜ੍ਹ ਰਿਹਾ ਹੈ, ਚੰਗਾ ਹੀ ਹੈ ਕਿ ਉਹ ਠੀਕ ਹੋ ਜਾਵੇ"। ਅਸੀਂ ਰਿਚਾ ਲਈ ਬੜੀਆਂ ਦੁਆਵਾਂ ਮੰਗੀਆਂ, ਪਰ ਸਭ ਬੇਅਰਥ। ਥੋੜ੍ਹੀ ਦੇਰ ਬਾਅਦ ਹੀ ਨਰਸ ਨੇ ਆ ਕੇ ਕਿਹਾ, "ਰਿਚਾ ਸੀਰੀਅਸ"।.....। ਅਸੀਂ ਅੰਦਰ ਜਾ ਕੇ ਦੇਖਿਆ, ਰਿਚਾ ਦਾ ਮੂੰਹ ਚਿੱਟੀ ਚਾਦਰ ਨਾਲ ਢੱਕਿਆ ਹੋਇਆ ਸੀ। ਭਾਣਾ ਵਰਤ ਗਿਆ ਸੀ।

ਪਹਿਲਾਂ ਹੀ ਹੋਈ ਗੱਲਬਾਤ ਅਨੁਸਾਰ ਮੈਡਮ ਕੌਸ਼ਲ ਨੇ ਸ.ਬਿਸ਼ਨ ਸਿੰਘ ਨੂੰ ਬੁਲਾਇਆ। ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰ ਕੇ ਚੰਨ ਜਿਹਾ, ਗੋਰਾ-ਚਿੱਟਾ ਬੱਚਾ ਭੈਣ ਕੀਰਤ ਦੀ ਝੋਲੀ ਪਾ ਦਿੱਤਾ। ਬਿਸ਼ਨ ਸਿੰਘ ਤੇ ਕੀਰਤ ਫੁੱਲੇ ਨਹੀ ਸਮਾ ਰਹੇ ਸਨ। ਉਨ੍ਹਾਂ ਦਾ ਘਰ ਅੱਜ ਖ਼ੁਸ਼ੀਆਂ ਨਾਲ ਭਰ ਗਿਆ ਸੀ। ਅੱਜ ਉਨ੍ਹਾਂ ਨੂੰ ਸਭ ਤੋਂ ਉੱਤਮ ਦਾਤ ਮਿਲੀ ਸੀ-ਪੁੱਤਰ ਦੀ ਦਾਤ, ਇਕ ਵਾਰਿਸ।

ਮਹਿਮਾਨਾਂ ਤੋਂ ਵਿਹਲੀ ਹੋ ਕੇ ਕੀਰਤ ਮੇਰਾ ਸ਼ੁਕਰੀਆ ਅਦਾ ਕਰਨ ਆਈ, "ਦੀਦੀ ਅਸੀਂ ਤੁਹਾਡਾ ਅਹਿਸਾਨ ਮੰਨਦੇ ਹਾਂ, ਜੇ ਤੁਸੀਂ ਇਹ ਨੇਕ ਸਲਾਹ ਨਾ ਦਿੰਦੇ ਤਾਂ ਸਾਨੂੰ ਇਹ ਦਾਤ ਨਹੀਂ ਸੀ ਮਿਲਣੀ।...ਹੁਣ ਅਸੀਂ ਔਂਤਰੇ ਨਹੀ ਰਹੇ...ਸਾਨੂੰ ਵਾਰਿਸ ਮਿਲ ਗਿਆ"। ਆਖਦਿਆਂ-ਆਖਦਿਆਂ ਖ਼ੁਸ਼ੀ ਨਾਲ ਕੀਰਤ ਦੀਆਂ ਅੱਖਾਂ ਛਲਕ ਪਈਆਂ।

"ਅਜਿਹੀ ਕੋਈ ਗੱਲ ਨਹੀਂ ਕੀਰਤ, ਅਹਿਸਾਨ ਤਾਂ ਤੁਸੀਂ ਪੂਰੀ ਇਸਤਰੀ ਜਾਤੀ 'ਤੇ ਕੀਤਾ ਹੈ। ਇਕ ਮਾਂ-ਬਾਹਰੇ ਨੂੰ ਮਮਤਾ ਦੇ ਕੇ......"। ਇਹ ਆਖਦਿਆਂ ਹੀ ਮੈਂ ਜਾਣ ਦੀ ਇਜਾਜ਼ਤ ਮੰਗੀ। ਉਸ ਰਾਤ ਮੈਂ ਬਿਸਤਰ 'ਤੇ ਲੇਟੀ ਸੋਚ ਰਹੀ ਸਾਂ ਕਿ ਰਿਚਾ, ਬਿਸ਼ਨ ਸਿੰਘ ਦੇ ਪਰਿਵਾਰ ਨੂੰ ਖ਼ੁਸ਼ੀਆਂ ਦਾ ਕਿੰਨਾਂ ਵੱਡਾ ਖਜ਼ਾਨਾ ਦੇ ਗਈ ਹੈ। ਉਸ ਦੀਆਂ ਜਣੇਪੇ ਦੀਆਂ ਪੀੜਾਂ 'ਚੋਂ ਫੁੱਟਿਆ ਗੁਲਾਬ ਕਿਸੇ ਘਰ ਦੀ ਮਹਿਕ ਬਣ ਗਿਆ ਹੈ- ਔਂਤਰਿਆਂ ਦਾ ਵਾਰਸ।*(ਲੇਖਿਕਾ ਹਰਿਆਣਾ ਸਾਹਿਤ ਅਕੈਡਮੀ ਐਵਾਰਡ ਜੇਤੂ ਹੈ)

ਨੋਟ- ਮੈਗਜ਼ੀਨ ਵਿੱਚ ਸੀਮਿਤ ਜਗਾਹ ਦੇ ਸਨਮੁਖ ਮੂਲ ਕਹਾਣੀ ਦੇ ਸ਼ਬਦਾਂ ਵਿੱਚ ਕੁੱਝ ਕਾਂਟਛਾਂਟ ਕੀਤੀ ਗਈ ਹੈ ਪਰ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਦੇ ਵਿਸ਼ੇ ਅਤੇ ਸਮੁੱਚੇ ਪ੍ਰਭਾਵ ਵਿੱਚ ਕੋਈ ਫ਼ਰਕ ਨਾ ਪਵੇ। -ਸੰਪਾਦਕ

* * * * *

## ਪੰਜਾਬ ਦੇ ਨਵੇਂ ਰਿਕਾਰਡ

ਕਿਸੇ ਸਮੇਂ ਖੇਡਾਂ ਅਤੇ ਹੋਰ ਸਰੀਰਿਕ ਮੁਕਾਬਲਿਆਂ ਵਿੱਚ ਨਵੇਂ ਰਿਕਾਰਡ ਬਣਾਉਣ ਵਾਲੇ ਪੰਜਾਬੀ ਹੁਣ ਕਿਸ ਰਾਹ 'ਤੇ ਤੁਰ ਪਏ ਹਨ ਇਸ ਦਾ ਕਿਆਸ ਹੇਠ ਲਿਖੇ ਸਰਕਾਰੀ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ-

- ਸਾਲ 2017 ਵਿੱਚ ਪੰਜਾਬ ਦੀ ਆਬਾਦੀ 2.99 ਕਰੋੜ ਸੀ ਜਦੋਂਕਿ ਮੋਬਾਈਲਾਂ ਦੀ ਗਿਣਤੀ 3.84 ਕਰੋੜ ਸੀ। ਲੋਕਾਂ ਨੇ ਰੋਜ਼ਾਨਾ ਘੱਟੋਘੱਟ 6.50 ਕਰੋੜ ਰੁਪਏ ਸਿਰਫ ਫੋਨਾ 'ਤੇ ਗੱਲਾਂ ਕਰਨ ਵਿੱਚ ਖਰਚ ਕੀਤੇ ਹਨ।
- ਪੰਜਾਬੀ ਲੰਘੇ ਦਹਾਕੇ ਦੌਰਾਨ ਸਾਲਾਨਾ ਔਸਤਨ 3556 ਕਰੋੜ ਰੁਪਏ ਦੀ ਸ਼ਰਾਬ ਡੀਕ ਗਏ। ਇੱਕ ਅੰਦਾਜ਼ੇ ਅਨੁਸਾਰ ਪੰਜਾਬੀ ਸਾਲ ਵਿੱਚ ਕਰੀਬ 33 ਕਰੋੜ ਸ਼ਰਾਬ ਦੀਆਂ ਬੋਤਲਾਂ ਪੀ ਜਾਂਦੇ ਹਨ।ਇੱਥੇ ਸ਼ਰਾਬ ਦੀਆਂ 16 ਫੈਕਟਰੀਆਂ ਵਿੱਚ ਰੋਜ਼ਾਨਾ ਤਕਰੀਬਨ 23 ਲੱਖ 90 ਹਜ਼ਾਰ ਬੋਤਲਾਂ ਸ਼ਰਾਬ ਬਣਦੀ ਹੈ।
- ਅਸਟਰੇਲੀਆ ਵਿੱਚ ਅਪ੍ਰੈਲ 2018 ਵਿੱਚ ਹੋਈਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਭਾਰਤ ਨੂੰ ਕੁੱਲ 66 ਤਮਗੇ ਹਾਸਿਲ ਹੋਏ। ਇਨ੍ਹਾਂ ਵਿੱਚੋਂ 22 ਤਮਗੇ ਹਰਿਆਣਾ ਦੇ 32 ਖਿਡਾਰੀਆਂ ਨੇ ਲਏ ਜਦੋਂ ਕਿ 28 ਪੰਜਾਬੀ ਖਿਡਾਰੀਆਂ ਦੇ ਪੱਲੇ ਕੇਵਲ 3 ਤਮਗੇ ਪਏ ਜਿਨ੍ਹਾਂ ਵਿੱਚ ਇੱਕ ਚਾਂਦੀ ਦਾ ਅਤੇ ਦੋ ਕਾਂਸੀ ਦੇ ਹਨ। ਇਹ ਜੇਤੂ ਖਿਡਾਰੀ ਹਨ- ਵ੍ਹੇਟ ਲਿਫਟਰ ਪ੍ਰਦੀਪ ਸਿੰਘ (ਚਾਂਦੀ) ਤੇ ਵਿਕਾਸ ਠਾਕੁਰ (ਕਾਂਸੀ) ਅਤੇ ਡਿਸਕਸ ਥ੍ਰੋਅਰ ਨਵਜੀਤ ਕੌਰ ਢਿੱਲੋਂ (ਕਾਂਸੀ)।

ਨਿਜੀ ਅਨੁਭਵ ਵਿੱਚੋਂ ਨਿਕਲੀ ਹਿਰਦੇਵੇਧਕ ਹੂਕ

# ਸਮਾ ਹੱਥ ਨੀ ਆਇਆ ਰਾਜੇ ਰਾਣੀਆਂ ਦੇ

ਗੁਰਪ੍ਰੀਤ ਸਿੰਘ ਤੂਰ



ਨਵੰਬਰ 2014 ਦਾ ਪਹਿਲਾ ਹਫਤਾ, ਮਿੱਠੀ-ਮਿੱਠੀ ਰੁੱਤ, ਦਿਨ ਛਿਪਣ ਦਾ ਵੇਲਾ, ਚਰ੍ਹੀ ਤੇ ਬਾਜਰੇ ਦੇ ਕਿਆਰੇ ਂਚੋਂ ਦੀ ਲੰਘ ਕੇ ਵਾਹੇ ਹੋਏ ਖੇਤ ਨੂੰ ਪਾਣੀ ਲੱਗ ਰਿਹਾ ਸੀ। ਮੈਂ ਧਰਤੀ ਨੂੰ ਪਾਣੀ ਪੀਂਦਿਆਂ ਤੱਕਿਆ। ਖੇਤ ਵਿੱਚ ਬਗਲਿਆਂ ਦੀ ਡਾਰ ਆ ਬੈਠੀ ਸੀ। ਬੁਲਬੁਲਾਂ ਦਾ ਜੋੜਾ ਤੇ ਪੰਜ-ਛੇ ਕਾਲੀਆਂ ਚਿੜੀਆਂ ਚਰ੍ਹੀ ਦੇ ਦੁੰਬਿਆਂ ਤੇ ਬਾਜਰੇ ਦੇ ਸਿੱਟਿਆਂ ਤੇ ਚਹਿ-ਚਹਾਉਣ ਲੱਗੀਆਂ। ......। ਇੱਕ ਸਮਾਂ ਸੀ ਜਦੋਂ ਖੇਤਾਂ ਦਾ ਰੂਪ, ਕਾਮੇ ਮੁੰਡਿਆਂ ਨੂੰ ਚੜ੍ਹ ਜਾਂਦਾ ਸੀ। ਲਾਲ-ਗੁਲਾਬੀ ਚੀਰਿਆਂ ਵਾਲੇ ਮੁੱਛ-ਫੁੱਟ ਗੱਭਰੂ ਮੇਲਿਆਂ ਂਚ ਬੰਸਰੀਆਂ ਤੇ ਅਲਗੋਜੇ ਖ਼ਰੀਦਦੇ। ਅੱਲੜ੍ਹ ਉਮਰ ਦੀਆਂ ਉਮੰਗਾਂ, ਮਿਹਨਤ-ਮੁਸ਼ੱਕਤ ਤੇ ਕੌਲ-ਕਰਾਰਾਂ ਦੀ ਬੁੱਕਲ ਮਾਰ ਲੈਂਦੀਆਂ। ਪਰ ਹੁਣ ਖੇਤਾਂ ਨਾਲੋਂ ਟੁੱਟ ਕੇ ਨੌਜਵਾਨ ਜ਼ਿੰਦਗੀ ਦੇ ਸੁਹੱਪਣ ਤੇ ਮਿਠਾਸ ਤੋਂ ਵਾਂਝੇ ਰਹਿ ਗਏ ਹਨ।.........। ਖੇਤਾਂ ਦੇ ਅਜਿਹੇ ਦਿਸ਼੍ਹਾ ਤੋਂ ਮੁੱਖ ਮੋੜ ਗਏ ਨੌਜਵਾਨਾਂ ਦੀ ਹੋਂਦ ਜਲੇਬੀਆਂ ਦੇ ਉਸ ਪੂਰ ਵਾਂਗ ਹੈ ਜੋ ਘਿਉ 'ਚ ਤਲ ਤਾਂ ਲਈਆਂ ਜਾਂਦੀਆਂ ਹਨ ਪਰ ਚਾਸ਼ਣੀ 'ਚ ਡੁਬੋਈਆਂ ਨਹੀ ਜਾਂਦੀਆ ।.......।

ਕਿਰਤ ਕਰਦਾ ਬੰਦਾ ਕੁਦਰਤ ਤੇ ਰੁੱਤਾਂ ਨੂੰ ਮਾਣਦਾ ਆਪਣੇ ਸੱਭਿਆਚਾਰ ਨਾਲ ਕੁਦਰਤੀ ਤੌਰ 'ਤੇ ਜੁੜਿਆ ਹੁੰਦਾ ਹੈ। ਦਰਅਸਲ ਕਿਰਤ ਹੀ ਸੱਭਿਆਚਾਰ ਉਪਜਦੀ ਹੈ। ਕੰਮ ਵਿੱਚ ਰੁੱਝਿਆ ਮਨ ਕੁਦਰਤ ਦੇ ਸੁਹੱਪਣ ਨਾਲ ਇੱਕਮਿੱਕ ਹੋ ਕੇ ਗੁਣ- ਗੁਣਾਉਣ ਲਗਦਾ ਹੈ। ਪੂਰਨਮਾਸ਼ੀ ਦੀ ਰਾਤ ਖੇਤਾਂ ਨੂੰ ਪਾਣੀ ਲਾਉਦੇ ਕਾਮੇ ਦਾ ਹੇਕ ਲਾ ਕੇ ਗਾਉਣ ਲੱਗ ਜਾਣਾ, ਕਿਰਤ ਤੇ ਸੱਭਿਆਚਾਰ ਦਾ ਖ਼ੂਬਸੂਰਤ ਫੁੱਲ ਹੈ। ਅੱਜ ਦਾ ਪੰਜਾਬ ਅਜਿਹੇ ਫੁੱਲਾਂ ਦੀ ਮਹਿਕ ਤੋਂ ਸੱਖਣਾ ਰਹਿ ਗਿਆ ਹੈ। ਇਸ ਸੱਖਣੇ ਤੇ ਖਾਲੀਪਣ ਕਾਰਨ ਨੌਜਵਾਨ ਭਟਕ ਗਏ ਹਨ।

ਸੰਗੀਤ, ਸਾਹਿਤ ਤੇ ਕਲਾ ਮਨੁੱਖੀ ਜੀਵਨ ਦੀਆਂ ਖ਼ੁਸ਼ਬੋਆਂ ਹਨ। ਸਾਡਾ ਸੱਭਿਆਚਾਰ ਸਾਡੇ ਜੀਵਨ ਨੂੰ ਕਈ ਰੰਗਾਂ ਵਿੱਚ ਰੰਗ ਦਿੰਦਾ ਹੈ।.....।ਲੋਕ-ਗਥਾਵਾਂ ਦਾ ਵਹਿਣ ਸਾਡੇ ਸਦੀਵੀ ਦੁੱਖ ਸੋਖ ਲੈਣ ਦੀ ਸਮਰੱਥਾ ਵੀ ਰੱਖਦਾ ਹੈ। 'ਛੱਲਾ' ਤੇ 'ਮਿੱਟੀ ਦਾ ਬਾਵਾ' ਅਜਿਹੇ ਵਹਾਅ ਦੀ ਹੀ ਉਪਜ ਹਨ, ਜੋ ਦਰਅਸਲ ਦਿਲ ਨੂੰ ਧੂਹ ਪਾਉਣ ਵਾਲੀਆਂ ਸੱਚੀਆਂ ਕਹਾਣੀਆਂ ਹਨ। ਜੱਲ੍ਹੇ ਮਲਾਹ ਦੇ ਘਰ ਪੁੱਤ ਦੀ ਦਾਤ ਤੋਂ ਬਾਅਦ ਉਸ ਦੀ ਪਤਨੀ ਅੱਲ੍ਹਾ ਨੂੰ ਪਿਆਰੀ ਹੋ ਗਈ ਸੀ। ਸਤਲੁਜ ਕਿਨਾਰੇ ਹਰੀਕੇ ਪੱਤਣ ਜੱਲ੍ਹਾ ਆਪਣੇ ਪੁੱਤ ਛੱਲੇ ਨੂੰ ਕੰਮ 'ਤੇ ਨਾਲ ਹੀ ਲੈ ਜਾਂਦਾ। ਸਮਾਂ ਲੰਘਦਾ ਗਿਆ। ਗੱਭਰੂ ਛੱਲਾ ਆਪਣੇ ਪਿਉ ਨਾਲ ਬੇੜੀ ਦੇ ਕੰਮ ਵਿੱਚ ਹੱਥ ਵਟਾਉਣ ਲੱਗਾ। ਇੱਕ ਸ਼ਾਮ ਬੱਦਲ ਗਰਜਿਆ, ਬਿਜਲੀ ਲਿਸ਼ਕੀ ਤੇ ਚੜ੍ਹੇ ਦਰਿਆ ਦੀਆ ਛੱਲਾਂ ਸ਼ੋਰ ਪਾਉਣ ਲੱਗੀਆਂ। ਜੱਲ੍ਹਾ ਬੇੜੀ ਨੂੰ ਰੱਸਾ ਬੰਨ੍ਹ ਕੇ ਘਰ ਆ ਗਿਆ। ਕੁਝ ਲੋਕਾਂ ਦੇ ਜ਼ੋਰ ਪਾਉਣ 'ਤੇ ਛੱਲੇ ਨੇ ਬੇੜੀ ਦਰਿਆ ਵਿੱਚ ਠੇਲ੍ਹ ਦਿੱਤੀ ਤੇ ਲਹਿਰਾਂ ਬੇੜੀ ਨੂੰ ਬਹਾ ਕੇ ਲੈ ਗਈਆਂ। 'ਛੱਲ ਬੇੜੀ ਦਾ ਪੂਰ ਏ', 'ਛੱਲਾ ਬੇਰੀ ਦਾ ਬੂਰ ਏ', 'ਛੱਲਾ ਮੁੜ ਕੇ ਨੀ ਆਇਆ', 'ਛੱਲਾ ਨੌਂ-ਨੌਂ ਖੇਵੇ' 'ਪੁੱਤਰ ਮਿੱਠੜੇ ਮੇਵੇ'।ਪੁੱਤ ਦੇ ਵਿਛੋੜੇ ਨੂੰ ਨਾ ਸਹਾਰਦਿਆਂ ਜੱਲ੍ਹੇ ਵੱਲੋਂ ਮਾਰੀਆਂ ਦਰਦਨਾਕ ਅਵਾਜ਼ਾਂ ਹਨ। 'ਮਿੱਟੀ ਦਾ ਬਾਵਾ' ਜਿਸ ਨੂੰ ਅਸੀ ਹੇਕ ਲਾ ਕੇ ਸਰੂਰ ਨਾਲ ਗਾਉਦੇ ਹਾਂ, ਆਪਣੇ ਅੰਦਰ ਅਜਿਹਾ ਹੀ ਦੁੱਖ ਸਮੋਈ ਬੈਠਾ ਹੈ।

ਸੱਭਿਆਚਾਰ ਬਹੁਤ ਗਹਿਰੇ ਦੁੱਖ ਨੂੰ ਵੀ ਸਮਾਂ ਪਾ ਕੇ ਮਿਠਾਸ ਵਿੱਚ ਬਦਲਣ ਦੀ ਸਮਰੱਥਾ ਰੱਖਦਾ ਹੈ। ਲੇਕਿਨ ਸੱਭਿਆਚਾਰ ਦੇ ਨਾਮ 'ਤੇ ਅੱਜ ਅਸੀ ਜੋ ਕੁਝ ਸੁਣਦੇ ਤੇ ਵੇਖਦੇ ਹਾਂ, ਉਹ ਸਾਡੇ ਸੁੱਖਾਂ ਨੂੰ ਵੀ ਦੁੱਖਾਂ ਵਿੱਚ ਬਦਲ ਰਿਹਾ ਹੈ। ਨੌਜਵਾਨ ਪੀੜ੍ਹੀ ਸੱਭਿਆਚਾਰ ਤੋਂ ਦੂਰ ਹੋ ਕੇ ਸੁਹੱਪਣ ਤੇ ਖੁਸ਼ੀਆਂ ਦੇ ਸਦੀਵੀ ਤੇ ਅਮੁੱਕ ਸੋਮਿਆਂ ਤੋਂ ਵਾਂਝੀ ਰਹਿ ਗਈ ਹੈ। ਛੱਲਾ, ਬਾਵਾ ਤੇ ਜੁਗਨੀ ਤੋਂ ਲੈ ਕੇ ਸ਼ਰਾਬ ਤੇ ਹਥਿਆਰਾਂ ਤੱਕ ਅਤੇ ਕਾਲਜਾਂ ਦੀਆਂ ਸਟੇਜਾਂ ਤੋਂ ਡੀ.ਜੇ. ਤੱਕ ਦੇ ਅਭਾਗੇ ਸਫਰ ਨੇ ਨੌਜਵਾਨਾਂ ਨੂੰ ਬਾਹੋਂ ਫੜ ਕੇ ਕੁਰਾਹੇ ਪਾ ਦਿੱਤਾ ਹੈ।

ਨੌਜਵਾਨ ਪੀੜ੍ਹੀ ਦੇ ਵਿਕਾਸ ਲਈ ਲੋੜੀਂਦਾ ਪਰਿਵਾਰਕ, ਸਮਾਜਿਕ ਅਤੇ ਆਰਥਿਕ ਢਾਂਚਾ ਤਿੜਕ ਗਿਆ ਹੈ। ਬੇਰੁਜ਼ਗਾਰੀ ਦੇ ਵੇਲਣੇ ਵਿੱਚ ਪੀੜੇ ਜਾ ਰਹੇ ਹਨ ਨੌਜਵਾਨ ਸਹਿਜੇ ਹੀ ਭ੍ਰਿਸ਼ਟਾਚਾਰ ਦੇ ਗੰਧਲੇ ਪਾਣੀ ਵਿੱਚ ਡੁੱਬ ਜਾਂਦੇ ਹਨ। ਸੰਯੁਕਤ ਪਰਿਵਾਰਾਂ ਦੀ ਅਣਹੋਂਦ ਕਾਰਨ ਉਹ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਮਾਡਰਨ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਅਤੇ ਸੰਚਾਰ ਸਾਧਨਾਂ ਨੇ ਇਸ ਇੱਕਲਤਾ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ।...

ਮਾਡਰਨ ਜ਼ਿੰਦਗੀ ਦੀ ਰਫਤਾਰ ਨੇ ਮਨੁੱਖ ਨੂੰ ਕਿਤਾਬਾਂ ਨਾਲੋਂ ਤੋੜ ਦਿੱਤਾ ਹੈ ਤੇ ਨੌਜਵਾਨ ਇਸ ਮੋੜ ਤੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਕਿਤਾਬਾਂ ਤੋਂ ਬਿਨਾਂ ਮਨੁੱਖ ਦੀ ਹੋਂਦ ਉਸ ਸੁਹਾਗਣ ਵਰਗੀ ਹੈ, ਜੋ ਹਾਰ-ਸ਼ਿੰਗਾਰ ਕਰਨਾ ਭੁੱਲ ਜਾਂਦੀ ਹੈ। ਸਮੁੰਦਰ ਵਿੱਚ ਜਿਵੇਂ ਘੋਗਿਆਂ ਵਿੱਚੋਂ ਸਿੱਪੀਆਂ ਦਾ ਜਨਮ ਹੁੰਦਾ ਹੈ ਇਵੇਂ ਹੀ ਕਿਤਾਬਾਂ ਜ਼ਿੰਦਗੀ ਮਹਿਕਾਉਣ ਵਾਲੇ ਖ਼ੂਬਸੂਰਤ ਵਿਚਾਰਾਂ ਨੂੰ ਜਨਮ ਦਿੰਦੀਆਂ ਹਨ। ਕਿਤਾਬਾਂ ਨੌਜਵਾਨਾਂ ਨੂੰ ਜ਼ਿੰਦਗੀ ਪ੍ਰਤੀ ਉਤਸ਼ਾਹਿਤ ਕਰਨ ਦੀ ਅਥਾਹ ਸਮਰੱਥਾ ਰੱਖਦੀਆਂ ਹਨ। ਦਿਲ ਕਰਦਾ, ਮਾਂ-ਬੋਲੀ ਪੰਜਾਬੀ ਦੇ ਵੰਝਲੀ, ਪੱਤਣ, ਦਰਿਆ, ਮੋਤੀਆ, ਸੰਧੂਰੀ, ਸਰਘੀ ਵੇਲਾ, ਤ੍ਰਿਕਾਲਾਂ, ਭੱਤਾ, ਬਉਲੀ, ਬੂਰ, ਦੁੱਧ-ਪੁੱਤ, ਧੀਆਂ ਤੇ ਧਰੇਕਾਂ ਜਿਹੇ ਸ਼ਬਦਾਂ ਨਾਲ ਨੌਜਵਾਨਾਂ ਦੇ ਸਰੀਰਾਂ 'ਤੇ ਪਾਏ ਹੋਏ ਟੈਟੂ ਢਕ ਦੇਵਾਂ।

ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਖੇਡਾਂ ਖੇਡਣੀਆ ਅਤੀ ਜ਼ਰੂਰੀ ਹਨ। ਖੇਡਾਂ ਮਨੁੱਖੀ ਜ਼ਿੰਦਗੀ ਲਈ ਤਰੇਲ ਦੇ ਤੁਪਕਿਆਂ ਵਾਂਗ ਹਨ। ਖੇਡਾਂ ਸਾਡੇ ਵਿਹਲੇ ਸਮੇਂ ਦਾ ਵਧੀਆ ਪ੍ਰਯੋਗ ਕਰਦੀਆਂ ਹਨ। ਖੇਡਾਂ ਜ਼ਿੰਦਗੀ ਦੇ ਅਣਥੱਕ ਅਤੇ ਪੱਥਰੀਲੇ ਸਫ਼ਰ ਲਈ ਸਾਡਾ ਦਮ-ਖ਼ਮ ਵੀ ਪੱਕਾ ਕਰਦੀਆਂ ਹਨ। .....।

ਇਹ ਤਿੰਨ ਨਵੰਬਰ 2014 ਦੁਪਹਿਰ ਦੀ ਗੱਲ ਹੈ। ਮੇਰੇ ਇੱਕ ਸਹਾਇਕ ਨੇ ਸੂਚਿਤ ਕੀਤਾ ਕਿ ਇੱਕ ਨੌਜਵਾਨ ਬੇਹੋਸ਼ੀ ਦੀ ਹਾਲਤ ਵਿੱਚ ਸਿਵਲ ਹਸਪਤਾਲ ਦਾਖਲ ਹੋਇਆ ਹੈ। ਉਸ ਨੇ ਨਸ਼ਾ ਕੀਤਾ ਜਾਪਦਾ ਹੈ। ਅੱਧੇ ਘੰਟੇ ਬਾਅਦ ਉਸਨੇ ਸੂਚਨਾ ਦਿੱਤੀ ਕਿ ਉਸ ਦੀ ਮੌਤ ਹੋ ਗਈ ਹੈ। ਉਸ ਨੌਜਵਾਨ ਨੇ ਇੰਜੀਨੀਅਰਿੰਗ ਦੀ ਡਿਗਰੀ ਕੀਤੀ ਅਤੇ ਕਾਲਜ ਦੇ ਆਖਰੀ ਵਰ੍ਹੇ ਆਪਣੀ ਜਮਾਤਣ ਨਾਲ ਵਿਆਹ ਕਰਵਾਇਆ। ਉਹ ਸਵੇਰੇ ਦੋਵੇਂ ਜਣੇ ਡਿਗਰੀ ਦੇ ਪ੍ਰੈਕਟੀਕਲ ਪੱਖ ਲਈ ਮੋਹਾਲੀ ਜਾਣ ਲਈ ਘਰੋਂ ਆਏ। ਉਹ ਆਪਣੀ ਪਤਨੀ ਨੂੰ ਬੱਸ ਸਟੈਂਡ 'ਤੇ ਬਿਠਾ ਕੇ ਪੰਦਰਾਂ ਮਿੰਟ ਵਿੱਚ ਵਾਪਸ ਆਉਂਣ ਦਾ ਵਾਅਦਾ ਕਰ ਗਿਆ। ਨਸ਼ੇ ਦਾ ਟੀਕਾ ਓਵਰਡੋਜ਼ ਸੀ ਤੇ ਉਹ ਵਾਅਦਾ ਸਦਾ ਲਈ ਟੁੱਟ ਗਿਆ। ਰਾਤ ਦੇ ਨੌ ਵਜੇ ਮੈਂ ਸ਼ਹਿਰ ਦਾਖ਼ਲ ਹੁੰਦਿਆਂ ਉਸ ਨੌਜਵਾਨ ਦੀ ਲਾਸ਼ ਵੇਖਣ ਸਿਵਲ ਹਸਪਤਾਲ ਦੇ ਮੁਰਦਾ ਘਾਟ ਵੱਲ ਵੱਧਿਆ। ਭਾਵੁਕ ਮਾਹੌਲ ਸੀ। ਉਹ ਪਰਿਵਾਰ ਵੀ ਸਾਡੇ ਪਿੱਛੇ-ਪਿੱਛੇ ਮੁਰਦਾ ਘਾਟ ਵੱਲ ਆ ਗਿਆ। ਡਿਊਟੀ 'ਤੇ ਤਾਇਨਾਤ ਕਰਮਚਾਰੀ ਨੇ ਦਰਵਾਜ਼ਾ ਖੋਲ੍ਹਿਆ ਤੇ ਫਿਰ ਮੇਜ਼ ਦਾ ਦਰਾਜ਼ ਖਿੱਚਣ ਵਾਂਗ ਉਸ ਨੇ ਨੌਜਵਾਨ ਦੀ ਲਾਸ਼ ਵਾਲੇ ਸਟ੍ਰੈਚਰ ਨੂੰ ਬਾਹਰ ਖਿੱਚਿਆ। ਅਸਮਾਨੀ ਰੰਗ ਦੀ ਚੈੱਕ ਵਾਲੀ ਸ਼ਰਟ, ਸ਼ਾਤ ਚਿਹਰਾ, ਬੁੱਲ੍ਹਾਂ 'ਤੇ ਹਲਕੀ ਜਿਹੀ ਕਾਲਖ ਤੇ ਨੱਕ ਵਿਚ ਰੂੰ ਦੇ ਦੋ ਫੰਬੇ ਦਿੱਤੇ ਹੋਏ। ਜੀਵਨ ਸਾਥੀ ਦੀ ਲਾਸ਼ ਵੇਖ ਕੇ ਉਸ ਕੁੜੀ ਦੇ ਅੰਦਰੋਂ ਇੱਕ ਚੀਕ ਨਿੱਕਲੀ ਤੇ ਉਹ ਗਸ਼ ਖਾ ਕੇ ਸਟ੍ਰੈਚਰ 'ਤੇ ਡਿੱਗ ਪਈ। ਉਹ ਦਾ ਬੁੱਲ੍ਹ ਕੱਟਿਆ ਗਿਆ ਤੇ ਖੂਨ ਦੇ ਦੋ-ਤਿੰਨ ਤੁਪਕੇ ਉਸ ਦੇ ਪਤੀ ਦੀ ਲਾਸ਼ 'ਤੇ ਡਿੱਗ ਪਏ ਸਨ। ਅਚਾਨਕ ਬੱਤੀ ਚਲੀ ਗਈ, ਲੇਕਿਨ ਚੀਕ ਦੀ ਆਵਾਜ਼ ਕੰਧਾਂ ਨਾਲ ਟਕਰਾ ਟਕਰਾ ਕੇ ਗੂੰਜਣ ਲੱਗੀ।

ਨਾਟਕ ਤੋਂ ਲੈ ਕੇ ਲੇਖ, ਕਹਾਣੀ ਤੇ ਨਾਵਲ ਤੱਕ ਸਾਹਿਤ ਦੀ ਕੋਈ ਵੀ ਵਿਧਾ ਉਸ ਕੁੜੀ ਦੇ ਦੁੱਖ ਦਾ ਅੱਧ-ਪਚੱਧਾ ਪ੍ਰਗਟਾਵਾ ਵੀ ਨਹੀਂ ਕਰ ਸਕਦੀ। ਇਹ ਲੇਖ ਪੰਜਾਬੀਆਂ ਨੂੰ ਇੱਕ ਅਪੀਲ ਤੇ ਆਸ ਨਾਲ ਉਸ ਕੁੜੀ ਦੀ ਅਥਾਹ ਤੇ ਅਸਹਿ ਪੀੜਾਂ ਨੂੰ ਸਮਰਪਿਤ ਹੈ।

(ਨੋਟ- ਸਥਾਨ ਦੀ ਮਜ਼ਬੂਰੀ ਕਾਰਨ ਮੂਲ ਲੇਖ ਨੂੰ ਸੰਖੇਪ ਕੀਤਾ ਗਿਆ ਹੈ। -ਸੰਪਾਦਕ)

* ਲੇਖਕ ਆਈ.ਪੀ.ਐਸ.ਅਧਿਕਾਰੀ ਹੈ ਜਿਸ ਦਾ ਨਸ਼ੇੜੀ ਨੌਜਵਾਨਾਂ ਨਾਲ ਅਕਸਰ ਵਾਹ ਪੈਂਦਾ ਹੈ।

## ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ



**ਵਿਧਾਇਕ ਸਾਰਾ ਸਿੰਘ ਕੰਗ–** ਰੂਪਨਗਰ ਜ਼ਿਲ੍ਹੇ ਦੇ ਪਿੰਡ ਦੁਲਚੀ ਮਾਜਰਾ ਦੇ ਜਸਵੀਰ ਸਿੰਘ ਕੰਗ ਦੀ ਇਸ ਬੇਟੀ ਨੇ ਕੈਨੇਡਾ ਦੀ ਓਂਟਾਰੀਓ ਸਟੇਟ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਰਾਂਪਟਨ ਤੋਂ ਜਿੱਤ ਪ੍ਰਾਪਤ ਕਰਕੇ ਸਾਰੇ ਪੰਜਾਬੀਆਂ ਨਾ ਸਿਰ ਮਾਣ ਨਾਲ ਉੱਚਾ ਕੀਤਾ ਹੈ।



**ਪੁਲਿਸ ਅਫਸਰ ਗੁਰਸੋਚ ਕੌਰ–** ਇਹ ਪੰਜਾਬਣ ਨਿਊਯਾਰਕ ਪੁਲਿਸ ਵਿੱਚ ਸਹਾਇਕ ਅਧਿਕਾਰੀ ਨਿਯੁਕਤ ਹੋਈ ਹੈ ਅਤੇ ਸਿਖਲਾਈ ਪੂਰੀ ਹੋ ਜਾਣ 'ਤੇ ਅਗਜ਼ਿਲਰੀ ਪੁਲਿਸ ਅਫਸਰ ਬਣ ਜਾਵੇਗੀ। ਉਹ ਪਹਿਲੀ ਦਸਤਾਰਧਾਰੀ ਪੁਲਿਸ ਅਫਸਰ ਹੈ।



**ਮੇਅਰ ਰਵੀ ਭੱਲਾ–** ਇਹ ਪੰਜਾਬੀ ਨੌਜਵਾਨ ਨਿਊਯਾਰਕ ਦੇ ਹੋਬੋਕੇਨ ਦੇ ਪਹਿਲੇ ਸਿੱਖ ਮੇਅਰ ਬਣੇ ਹਨ। ਇਸ ਨਾਲ ਸਿੱਖੀ ਸਰੂਪ ਦੀ ਪਹਿਚਾਣ ਨੂੰ ਮਜ਼ਬੂਤੀ ਮਿਲੇਗੀ।



**ਕੈਬਨਿਟ ਮੰਤਰੀ ਗੋਬਿੰਦ ਸਿੰਘ ਦਿਓ–** ਮਲੇਸ਼ੀਆ ਵਿੱਚ ਪੰਜਾਬੀ ਮੂਲ ਦੇ ਇਸ 44 ਸਾਲਾ ਵਕੀਲ ਤੇ ਸਿਆਸਤਦਾਨ ਨੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਵਿੱਚ ਸੰਚਾਰ ਤੇ ਮਲਟੀਮੀਡੀਆ ਮੰਤਰੀ ਬਣ ਕੇ ਪੰਜਾਬੀਅਤ ਦਾ ਮਾਣ ਅੰਤਰਰਾਸ਼ਟਰੀ ਪੱਧਰ ਤੱਕ ਵਧਾਇਆ ਹੈ।

## ਪੰਛੀਆਂ ਦੇ ਮੁਢਲੇ ਅਧਿਕਾਰਾਂ ਦੀ ਰਾਖੀ

ਖਬਰ ਹੈ ਕਿ ਕੈਨੇਡਾ ਦੇ ਸਰੀ ਸ਼ਹਿਰ ਦੇ ਸੁਲੇਵਨ ਖੇਤਰ ਵਿੱਚ ਰਹਿੰਦੇ ਇਕ ਵਿਅਕਤੀ ਨੂੰ ਆਪਣੇ ਘਰ ਦੇ ਵਿਹੜੇ ਵਿੱਚੋਂ ਇੱਕ ਦਰਖਤ ਕੱਟਣ 'ਤੇ ਇੱਕ ਹਜ਼ਾਰ ਡਾਲਰ ਜ਼ੁਰਮਾਨਾ ਹੋਇਆ ਹੈ। ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਇਸ ਦਰਖਤ ਉੱਤੇ 30-40 ਮੋਰ ਕਈ ਦਹਾਕਿਆਂ ਤੋਂ ਰਹਿੰਦੇ ਆ ਰਹੇ ਸਨ। ਇਸ ਦੇ ਕੱਟਣ ਨਾਲ ਮੋਰ ਘਰੋਂ ਬੇਘਰ ਹੋ ਗਏ ਹਨ ਅਤੇ ਆਲੇਦੁਆਲੇ ਦੇ ਲੋਕ ਉਨ੍ਹਾਂ ਦੀਆਂ ਮਨਮੋਹਕ ਆਵਾਜ਼ਾਂ ਅਤੇ ਕਲਾਬਾਜ਼ੀਆਂ ਤੋਂ ਵਾਂਝੇ ਹੋ ਗਏ ਹਨ। ਆਓ ਅਸੀਂ ਅਨੁਭਵ ਕਰੀਏ ਕਿ ਸਾਡੇ ਵਾਂਗ, ਪਰਮਾਤਮਾ ਦੇ ਬਣਾਏ ਹੋਰ ਜੀਵਾਂ ਨੂੰ ਵੀ ਧਰਤੀ 'ਤੇ ਰਹਿਣ ਦਾ ਹੱਕ ਹੈ।

ਦੇਖਿਆ-ਮਾਣਿਆਂ



# ਧਰਤੀ 'ਤੇ ਸਵਰਗ-ਹਰਸਿਲ

ਡਾ. ਅਜਮੇਰ ਸਿੰਘ ਤੰਬੜ

ਭਾਰਤ ਦੇ ਉੱਤਰੀ ਸੂਬੇ ਉੱਤਰਾਖੰਡ ਦੇ ਜ਼ਿਲ੍ਹੇ ਉੱਤਰਕਾਸ਼ੀ ਵਿੱਚ ਚੀਨ ਦੇ ਬਾਰਡਰ ਤੋਂ ਮਹਿਜ਼ 90 ਕਿਲੋਮੀਟਰ ਇਸ ਪਾਸੇ ਸਮੁੰਦਰ ਤੋਂ 7860 ਫੁੱਟ( 2620 ਮੀਟਰ) ਦੀ ਉਚਾਈ 'ਤੇ ਸਥਿਤ, ਹਰਸਿਲ ਮਨੁਖ ਦੁਆਰਾ ਕਲਪਿਤ ਸਵਰਗ ਨੂੰ ਮਾਤ ਪਾਉਂਦਾ ਹੈ। ਹਰ ਪਾਸੇ ਭਾਗੀਰਥੀ (ਗੰਗਾ) ਨਦੀ ਦਾ ਕਲਕਲ ਕਰਦਾ ਬਰਫੀਲਾ ਪਾਣੀ, ਦੇਵਦਾਰ ਦੇ ਸੰਘਣੇ ਤੇ ਉੱਚੇ ਦਰਖਤ, ਗਗਨ ਚੁੰਬਦੀਆਂ ਤੇ ਬਰਫ ਲੱਦੀਆਂ ਪਹਾੜੀ ਚੋਟੀਆਂ, ਪਾਣੀ ਧੋਤੇ ਸਾਫ ਪੱਥਰ, ਸੇਬਾਂ ਲੱਦੇ ਪੇੜ ਅਤੇ ਸ਼ਾਂਤ ਵਾਤਾਵਰਨ ਇਸ ਸਥਾਨ ਨੂੰ ਅਤਿ ਰਮਣੀਕ ਬਣਾਉਂਦੇ ਹਨ। ਭਾਈ ਵੀਰ ਸਿੰਘ ਜੀ ਦੀ ਕਸ਼ਮੀਰ ਬਾਰੇ ਲਿਖੀ ਕਵਿਤਾ, 'ਟੁਕੜੀ ਜੱਗ ਤੋਂ ਨਿਆਰੀ' ਦੀਆਂ ਸਤਰਾਂ-

ਅਰਸ਼ਾਂ ਦੇ ਵਿੱਚ ਕੁਦਰਤ ਦੇਵੀ, ਸਾਨੂੰ ਨਜ਼ਰੀਂ ਆਈ।
ਹੁਸਨ ਮੰਡਲ ਵਿਚ ਖੜ੍ਹੀ ਖੇਲਦੀ, ਖੁਸ਼ੀਆਂ ਛਹਿਬਰ ਲਾਈ।

ਇਸ ਸਥਾਨ 'ਤੇ ਪੂਰੀਆਂ ਢੁਕਦੀਆਂ ਹਨ।

ਇਹ ਉੱਤਰਕਾਸ਼ੀ ਤੋਂ 73 ਕਿਲੋਮੀਟਰ ਦੂਰ ਅਤੇ ਗੰਗੋਤਰੀ ਤੋਂ ਕੋਈ ਪੱਚੀ ਕਿਲੋਮੀਟਰ ਪਹਿਲਾਂ ਫੌਜ ਦੇ ਕੰਟਰੋਲ ਅਧੀਨ ਖੇਤਰ ਵਿੱਚ ਪੈਂਦਾ ਹੈ। ਹਿੰਦ-ਚੀਨ ਦੀ 1962 ਦੀ ਜੰਗ ਤੱਕ ਇਹ ਇਲਾਕਾ ਭਾਰਤ ਨਾਲੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਸੀ ਕਿਉਂਕਿ ਇਸ ਤੱਕ ਕੋਈ ਸੜਕੀ ਪਹੁੰਚ ਨਹੀਂ ਸੀ। ਉਦੋਂ ਇੱਥੋਂ ਦੇ ਵਸਨੀਕ ਤਿੱਬਤ ਦੇ ਲੋਕਾਂ ਨਾਲ ਹੀ ਮੇਲਮਿਲਾਪ ਕਰਦੇ ਸਨ। ਇੱਥੇ ਭੋਟਿਆਸ ਕਬੀਲੇ ਦੇ ਜੱਧ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਰਹਿਣ-ਸਹਿਣ ਅਤੇ ਬੋਲੀ ਆਦਿ ਤਿਬਤੀਆਂ ਨਾਲ ਮਿਲਦਾ ਜੁਲਦਾ ਹੈ ਪਰ ਹੁਣ ਇਨ੍ਹਾਂ ਦੀ ਔਲਾਦ ਆਧੁਨਿਕ ਸਿੱਖਿਆ ਗ੍ਰਹਿਣ ਕਰਕੇ ਭਾਰਤੀ ਪ੍ਰੰਪਰਾਵਾਂ ਨੂੰ ਅਪਨਾਉਣ ਲੱਗ ਪਈ ਹੈ। ਇਸ ਸਥਾਨ ਦੇ ਨਜ਼ਦੀਕ ਪਿੰਡ ਮੁਖਬਾ ਵਿੱਚ ਹਰ ਸਾਲ ਦੀਵਾਲੀ ਤੋਂ ਬਾਅਦ ਗੰਗਾ ਦੇਵੀ ਦੀ ਮੂਰਤੀ ਗੰਗੋਤਰੀ ਤੋਂ ਲਿਆ ਕੇ ਸਥਾਪਿਤ ਕਰ ਦਿੱਤੀ ਜਾਂਦੀ ਹੈ ਕਿਉਂਕਿ ਇਹ ਸਾਰਾ ਇਲਾਕਾ ਸਰਦੀਆਂ ਵਿੱਚ ਬਰਫ ਨਾਲ ਢਕ ਜਾਣ ਕਾਰਨ ਇੱਥੇ ਸੜਕੀ ਆਵਾਜਾਈ ਥੱਪ ਹੋ ਜਾਦੀ ਹੈ।

ਇਸ ਸਥਾਨ ਦਾ ਇਤਿਹਾਸ ਵੀ ਬਹੁਤ ਦਿਲਚਸਪ ਹੈ। ਸੰਨ 1857 ਵਿੱਚ ਭਾਰਤ ਦੀ ਆਜ਼ਾਦੀ ਲਈ ਪਹਿਲੀ ਜੰਗ (ਗਦਰ) ਸਮੇਂ ਇੱਕ ਅੰਗ੍ਰੇਜ਼ ਫੋਜੀ ਅਫ਼ਸਰ, ਫਰੈਡਰਿਕ ਈ.ਵਿਲਸਨ ਭਗੌੜਾ ਹੋ ਗਿਆ ਅਤੇ ਉਹ ਲੁਕਣ ਲਈ ਗੜ੍ਹਵਾਲ ਦੇ ਪਹਾੜਾਂ ਵੱਲ ਭੱਜਾ। ਉਸ ਨੇ ਟੀਹਰੀ ਦੇ ਰਾਜੇ ਪਾਸ ਸ਼ਰਨ ਲਈ ਬੇਨਤੀ ਕੀਤੀ ਜਿਸ ਨੂੰ ਰਾਜੇ ਨੇ ਦਰਕਿਨਾਰ ਕਰ ਦਿੱਤਾ ਕਿਉਂਕਿ ਉਹ ਅੰਗਰੇਜ਼ਾਂ ਦਾ ਵਫ਼ਾਦਾਰ ਸੀ। ਇਸ ਲਈ ਵਿਲਸਨ ਆਪਣੀ ਜਾਨ ਬਚਾਉਂਦਾ ਦੁਰੇਡੇ ਉੱਚੇ ਪਹਾੜਾਂ ਵੱਲ ਜਾਂਦਾ ਹੋਇਆ ਹਰਸਿਲ ਦੇ ਜੰਗਲੀ ਸਥਾਨ 'ਤੇ ਆ ਟਿਕਿਆ। ਇੱਥੇ ਉਸ ਨੇ ਇੱਕ ਸੁੰਦਰ ਪਹਾੜੀ ਲੜਕੀ 'ਗੁਲਾਬੀ' ਨਾਲ ਵਿਆਹ ਕਰਵਾ ਲਿਆ। ਆਪਣੇ ਗੁਜ਼ਾਰੇ ਲਈ ਉਸ ਨੇ ਇੱਥੋਂ ਦੇ ਜਾਨਵਰਾਂ ਦੀ ਖੱਲ, ਫਰ ਅਤੇ ਕਸਤੂਰੀ ਦਾ ਵਪਾਰ ਲੰਡਨ ਦੀ ਇੱਕ ਕੰਪਨੀ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਭਾਰਤ ਵਿੱਚ ਅੰਗ੍ਰੇਜ਼ਾਂ ਨੇ ਰੇਲ ਪਟਰੀਆਂ ਵਿਛਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ ਜਿਸ ਲਈ ਲੱਕੜੀ ਦੇ ਸਲੀਪਰਾਂ ਦੀ ਸਖਤ ਲੋੜ ਸੀ। ਵਿਲਸਨ ਨੇ ਇਸ ਦਾ ਪੂਰਾ ਲਾਹਾ ਲੈਂਦਿਆਂ ਇੱਥੋਂ ਦਰਿਆ ਰਾਹੀਂ ਦੇਵਦਾਰ ਦੀ ਲੱਕੜ ਸਪਲਾਈ ਕਰਨੀ ਸ਼ੁਰੂ ਕਰ ਦਿੱਤੀ। ਇਸ ਨਾਲ ਵਿਲਸਨ ਬਹੁਤ ਅਮੀਰ ਹੋ ਗਿਆ। ਬਾਅਦ ਵਿੱਚ ਉਸ ਨੇ ਆਪਣਾ ਸਿੱਕਾ ਜਾਰੀ ਕਰ ਦਿੱਤਾ ਜੋ ਕਿ ਸੰਨ 1930 ਤੱਕ ਸਥਾਨਿਕ ਲੋਕਾਂ ਵਿੱਚ ਚੱਲਦਾ ਰਿਹਾ। ਇਸ ਕਾਰਨ ਲੋਕ ਉਸ ਨੂੰ ਰਾਜਾ ਵਿਲਸਨ ਵੀ ਕਹਿਣ ਲੱਗੇ ਸਨ। ਉਸ ਨੇ ਇੱਥੇ ਆਲੀਸ਼ਾਨ ਰਿਹਾਇਸ਼ 'ਵਿਲਸਨਜ਼ ਕਾਟੇਜ਼' ਬਣਾਈ ਜੋ ਹੁਣ ਢਹਿਢੇਰੀ ਹੋ ਚੁੱਕੀ ਹੈ ਅਤੇ ਮੈਸੂਰੀ ਵਿੱਚ ਚਾਰਲੀਵਿਲੇ ਹੋਟਲ ਬਣਵਾਇਆ ਜਿਸ ਵਿੱਚ ਹੁਣ ਆਈ. ਏ.ਐਸ. ਅਫਸਰਾਂ ਦੀ ਸਿਖਲਾਈ ਲਈ 'ਗੌਰਮਿੰਟ ਆਫ ਇੰਡੀਆ ਟਰੇਨਿੰਗ ਇੰਸਟੀਚਿਊਟ' ਸਥਾਪਿਤ ਹੈ। ਕਿਹਾ ਜਾਂਦਾ ਹੈ ਕਿ ਵਿਲਸਨ ਨੇ ਭਾਗੀਰਥੀ ਦਰਿਆ 'ਤੇ ਇੱਕ ਪੁਲ ਵੀ ਬਣਵਾਇਆ ਸੀ ਜੋ ਹੁਣ ਮੌਜੂਦ ਨਹੀਂ ਹੈ।

ਮੈਨੂੰ ਇਹ ਦੁਰਲਭ ਸਥਾਨ 5-7 ਜੂਨ 2018 ਤੱਕ ਦੇਖਣ ਦਾ ਸੁਭਾਗ 'ਯੂਨੀਕ ਐਡਵੈਂਚਰ ਫੈਮਿਲੀ ਰੋਪੜ' ਦੀ ਸੰਗਤ ਸਦਕਾ ਪ੍ਰਾਪਤ ਹੋਇਆ। ਇਹ ਨੌਂ ਦਿਨ ਦਾ ਟੂਰ 2 ਜੂਨ 2018 ਦੀ ਰਾਤ ਨੂੰ ਬੱਸ ਰਾਹੀਂ ਆਰੰਭ ਹੋਇਆ ਅਤੇ ਆਪਣਾ ਨਿਰਧਾਰਿਤ ਉਦੇਸ਼ ਪੂਰਾ ਕਰਕੇ 10 ਜੂਨ ਨੂੰ ਸੰਪਨ ਹੋਇਆ। ਪੰਜਾਬ, ਹਰਿਆਣਾ, ਦਿੱਲੀ ਅਤੇ ਉੜੀਸਾ ਤੋਂ ਹਰ ਵਰਗ ਦੇ 42 ਵਿਅਕਤੀਆਂ ਨੇ ਇਸ ਵਿੱਚ ਭਾਗ ਲਿਆ। ਦੇਹਰਾਦੂਨ ਤੇ ਮਸੂਰੀ ਤੋਂ ਹੁੰਦਿਆਂ ਪਹਿਲੀਆਂ ਦੋ ਰਾਤਾਂ **ਕਾਨਾਤਾਲ** ਦੇ ਰਮਣੀਕ ਸਥਾਨ 'ਤੇ ਗੁਜ਼ਾਰੀਆਂ। ਇਸ ਹਰਿਆਵਲਭਰੇ ਇਲਾਕੇ ਵਿੱਚ ਆਲੂਆਂ ਅਤੇ ਹੋਰ ਸਬਜ਼ੀਆਂ ਦੀ ਭਰਪੂਰ ਫਸਲ ਵੇਖਣ ਨੂੰ ਮਿਲੀ। ਸੜਕੀ ਰਸਤਾ ਸਾਫ-ਸੁਥਰਾ ਅਤੇ ਰੌਣਕਭਰਿਆ ਸੀ। ਚੌਥੇ ਦਿਨ ਸਵੇਰੇ 8 ਵਜੇ ਇਹ ਜੋਸ਼ੀਲਾ ਪਰ ਪੂਰੀ ਤਰ੍ਹਾਂ ਜਬਤ ਵਾਲਾ ਜਥਾ ਲਗਭਗ 225 ਕਿਲੋਮੀਟਰ ਦੂਰ ਗੰਗੋਤਰੀ ਦੀ ਯਾਤਰਾ ਲਈ ਚੱਲ ਪਿਆ। ਇਸ ਦੇ ਰਾਸਤੇ ਵਿੱਚ ਚੰਬਾ( ਜ਼ਿਲ੍ਹਾ ਟੀਹਰੀ), ਡਾਂਗ, ਛਾਂਮ, ਨਾਗਨੀ, ਧਰਾਸੂ, ਡੁੰਡਾ, ਉੱਤਰਕਾਸ਼ੀ (ਜ਼ਿਲ੍ਹਾ ਹੈਡਕੁਆਟਰ), ਮਨੇਰੀ( ਡੈਮ), ਭਟਵਾੜੀ ਅਤੇ ਸੁਖੀਟਾਪ ਜਿਹੇ ਪ੍ਰਸਿੱਧ ਕਸਬੇ ਆਏ। ਦਰਿਆ ਭਾਗੀਰਥੀ(ਗੰਗਾ) ਇਸ ਰਾਸਤੇ ਦੇ ਨਾਲ ਨਾਲ ਚੱਲਦਾ ਹੈ। ਉੱਤਰਕਾਸ਼ੀ ਤੋਂ ਬਾਅਦ ਬਹੁਤ ਹੀ ਉੱਚੇ ਅਤੇ ਪੱਥਰਾਂ ਦੇ ਪਹਾੜ ਆਰੰਭ ਹੋ ਜਾਂਦੇ ਹਨ ਅਤੇ ਸੜਕ ਵੀ ਇਕਹਿਰੀ ਹੈ। ਸ਼ਾਮ ਦੇ 7 ਵਜੇ ਅਸੀਂ **ਹਰਸ਼ਲ** ਪਹੁੰਚ ਗਏ

ਜਿਸ ਦੀ ਸੁਦਰਤਾ ਨੂੰ ਵੇਖਦਿਆਂ ਹੀ ਸਭ ਮੰਤਰਮੁਗਧ ਹੋ ਗਏ।

ਪੰਜਵਾਂ ਦਿਨ ਅਸੀਂ ਹਰਸ਼ਿਲ ਦੀ ਸੁੰਦਰਤਾ ਨੂੰ ਨਿਹਾਰਦਿਆਂ ਬਿਤਾਇਆ। ਸਵੇਰ ਦਾ ਸਮਾਂ ਦੇਵਦਾਰ ਦੇ



ਦਰਖਤਾਂ ਦੇ ਝੁੰਡਾਂ ਅਤੇ ਸੁੰਦਰ ਤਰਾਸ਼ੇ ਹੋਏ ਪੱਥਰਾਂ ਨੂੰ ਆਪਣੇ ਦਿਲੋਦਿਮਾਗ ਵਿੱਚ ਹਮੇਸ਼ਾਂ ਲਈ ਟਿਕਾ ਕੇ ਰੱਖਣ ਲਈ ਇਨ੍ਹਾਂ ਨਾਲ ਆਪਣੀਆਂ ਫੋਟੋਆਂ ਉਤਾਰਦਿਆਂ ਬਿਤਾਇਆ। ਦੂਜੇ ਵੇਲੇ ਹਜ਼ਾਰ ਕੁ ਫੁੱਟ ਨਜ਼ਦੀਕੀ ਪਹਾੜੀ ਨੂੰ ਸਰ ਕਰਨ ਲਈ ਨਿਕਲ ਪਏ। ਇਹ ਕੰਮ ਭਾਵੇਂ ਬਹੁਤ ਕਠਿਨ ਜਾਪਦਾ ਸੀ ਪਰ ਆਪਣੇ ਆਗੂ ਸ. ਬਿਕਰਮਜੀਤ ਸਿੰਘ ਘੁੰਮਣ (ਕੋਚ) ਦੀ ਤਕਨੀਕੀ ਸੂਝ-ਬੂਝ ਅਤੇ ਯੋਗ ਅਗਵਾਈ ਸਦਕਾ 30 ਕੁ ਵਿਅਕਤੀ ਇਸ ਦੀ ਚੋਟੀ 'ਤੇ ਪਹੁੰਚਣ ਵਿੱਚ ਕਾਮਯਾਬ ਹੋ ਗਏ। ਇਨ੍ਹਾਂ ਵਿੱਚ ਸੱਤਰ ਸਾਲ ਦੀ ਉਮਰ ਨੂੰ ਢੁੱਕੇ ਮਰਦ-ਇਸਤ੍ਰੀਆ ਅਤੇ ਨਾਜ਼ੁਕ ਜਾਪਦੀਆਂ ਲੜਕੀਆਂ ਵੀ ਸਨ। ਇੱਥੇ ਆਪਣੀ ਜਿੱਤ ਦੀ ਖੁਸ਼ੀ ਵਿੱਚ ਪੰਜਾਬੀ ਗਾਣਾ ਗਾ ਕੇ ਜਸ਼ਨ ਮਨਾਇਆ ਗਿਆ ਜਿਸ ਨਾਲ ਸਾਰਾ ਵਾਤਾਵਰਨ ਨਸ਼ੇ ਵਿੱਚ ਝੂਮ ਉੱਠਿਆ। ਅਗਲੇ ਦਿਨ ਅਸੀਂ ਬੱਸ 'ਤੇ ਗੰਗੋਤਰੀ ਦੇ ਦਰਸ਼ਨਾਂ ਲਈ ਨਿਕਲ ਪਏ। ਰਾਸਤੇ ਦੇ ਨਾਲ ਨਾਲ ਦਰਿਆ ਬਹੁਤ ਡੂੰਘਾ ਵਹਿੰਦਾ ਹੈ। ਗੰਗੋਤਰੀ, ਭਾਗੀਰਥੀ ਦਰਿਆ ਦੇ ਕਿਨਾਰੇ ਬਣਿਆਂ ਮੰਦਿਰ ਹੈ। ਇੱਥੇ ਕਾਫੀ ਰੌਣਕ ਦੇਖਣ ਨੂੰ ਮਿਲੀ। ਦਰਿਆ ਦਾ ਪਾਣੀ ਕਾਫੀ ਗੰਧਲਾ ਸੀ ਜੋ ਸ਼ਾਇਦ ਕੱਚੇ ਪਹਾੜ ਵਿੱਚੋਂ ਲੰਘਦਿਆਂ ਮਿੱਟੀ ਦੇ ਘੁਲ ਜਾਣ ਨਾਲ ਹੋਇਆ ਹੋਵੇਗਾ। ਇੱਥੇ ਸ਼ਰਧਾਲੂ ਇਸ਼ਨਾਨ ਕਰਕੇ ਆਪਣੀ ਯਾਤਰਾ ਨੂੰ ਸਫਲ ਕਰ ਰਹੇ ਸਨ ਜਦੋਂ ਕਿ ਪੁਜਾਰੀ ਕਰਮ ਕਾਂਡਾਂ ਨਾਲ ਇਨ੍ਹਾਂ ਦੀ ਸ਼ਰਧਾ ਦਾ ਨਾਜ਼ਾਇਜ਼ ਫਾਇਦਾ ਉਠਾ ਰਹੇ ਵੀ ਨਜ਼ਰੀਂ ਪਏ। ਅਸਲ ਵਿੱਚ ਗੰਗਾ ਇੱਥੋਂ 19 ਕਿਲੋਮੀਟਰ ਦੂਰ **ਗੌਮੁਖ** ਦੇ ਸਥਾਨ 'ਤੇ ਗਲੇਸ਼ੀਅਰ ਵਿੱਚੋਂ ਨਿਕਲਦੀ ਹੈ ਜਿੱਥੇ ਸੰਘਣੇ ਜੰਗਲ ਵਿੱਚੋਂ ਲੰਘ ਕੇ ਪੈਦਲ ਜਾਣਾ ਪੈਂਦਾ ਹੈ। ਇਸ ਰਾਸਤੇ ਦੇ ਅੰਤ ਵਿੱਚ **ਤਪੋਵਨ** ਦਾ ਪਵਿੱਤਰ ਸਥਾਨ ਹੈ ਜਿੱਥੇ ਕੋਈ ਸਿਰੜੀ ਸਾਧਕ ਹੀ ਜਾਂਦਾ ਹੈ।

ਅਗਲੇ ਦਿਨ ਅਸੀਂ ਸਵੇਰੇ ਵਾਪਿਸ ਚੱਲ ਕੇ ਉੱਤਰਕਾਸ਼ੀ, ਧਰਾਸੂ, ਬ੍ਰਹਮਖਾਲ ਤੇ ਰੈਡੀ ਟੌਪ ਹੁੰਦਿਆਂ ਸ਼ਾਮ ਤੱਕ ਯਮੁਨਾ ਨਦੀ ਕਿਨਾਰੇ **ਬਰਕੋਟ** ਵਿਖੇ ਪਹੁੰਚੇ। ਇਸ ਰਾਸਤੇ ਵਿੱਚ ਚੀੜ੍ਹ ਦੇ ਉੱਚੇ ਉੱਚੇ ਦਰਖਤ ਅਤੇ ਝੋਨਾ ਬੀਜਣ ਲਈ ਤਿਆਰ ਖੇਤ ਵਿਖਾਈ ਦਿੱਤੇ। ਇੱਕ ਦਿਨ ਇੱਥੇ ਵਾਲੀਵਾਲ ਤੇ ਮਨੋਰੰਜਕ ਖੇਡਾਂ ਖੇਡਦਿਆਂ ਅਤੇ ਗਾਣੇ ਗਾਉਂਦਿਆਂ-ਸੁਣਦਿਆਂ ਗੁਜ਼ਾਰ ਕੇ ਅਗਲੇ ਦਿਨ ਯਮੁਨੋਤਰੀ ਨੂੰ ਚਾਲੇ ਪਾ ਲਏ ਜੋ ਇੱਥੋਂ 45 ਕਿਲੋਮੀਟਰ ਦੂਰ ਹੈ। ਹਿਮਾਚਲ ਪ੍ਰਦੇਸ਼ ਦੀ ਸੀਮਾ ਦੇ ਨਾਲ ਨਾਲ ਜਾਂਦੇ ਇਸ ਰਾਸਤੇ ਵਿੱਚ ਗੰਗਾਨੀ, ਸਿਅਨ ਚੱਟੀ, ਹਨੂਮਾਨ ਚੱਟੀ ਜਿਹੇ ਥੋੜ੍ਹੀ-ਥੋੜ੍ਹੀ ਆਬਾਦੀ ਵਾਲੇ ਸਥਾਨ ਆਉਂਦੇ ਹਨ। ਬੱਸ ਕੇਵਲ ਜਾਨਕੀ ਚੱਟੀ ਸਥਾਨ ਤੱਕ ਜਾਂਦੀ ਹੈ ਅਤੇ ਅੱਗੇ 5.6 ਕਿਲੋਮੀਟਰ ਰਾਸਤਾ ਪੈਦਲ ਸਿੱਧੀ ਚੜ੍ਹਾਈ ਦਾ ਹੈ। ਬਹੁਤੇ ਸ਼ਰਧਾਲੂ ਖੱਚਰਾਂ 'ਤੇ ਹੀ ਜਾਂਦੇ ਹਨ। ਇਸ ਕਾਰਨ ਪੈਦਲ ਜਾਣ ਵਾਲਿਆਂ ਨੂੰ ਕਾਫੀ ਮੁਸ਼ਕਲ ਹੁੰਦੀ ਹੈ। ਇਸ ਦੇ ਬਾਵਜੂਦ ਅਸੀਂ ਸਾਰੇ ਇੱਕ ਦੂਜੇ ਨੂੰ ਹੌਸਲਾ ਤੇ ਸਹਾਰਾ ਦਿੰਦੇ ਪੈਦਲ ਹੀ ਗਏ ਭਾਵੇਂ ਕਿ ਇਸ ਨੂੰ ਚਾਰ ਘੰਟੇ ਦਾ ਸਮਾਂ ਲੱਗਾ। ਯਮਨੋਤਰੀ, ਯਮੁਨਾ ਨਦੀ ਦੇ ਕਿਨਾਰੇ ਸਮੁੰਦਰ ਤਲ ਤੋਂ 3235 ਮੀਟਰ ਦੀ ਉਚਾਈ 'ਤੇ ਬਣਿਆ ਛੋਟੇ ਆਕਾਰ ਦਾ ਮੰਦਿਰ ਹੈ ਜਿਸ ਨੂੰ ਟਿਹਰੀ ਦੇ ਰਾਜਾ ਪ੍ਰਤਾਪ ਸ਼ਾਹ ਨੇ 1919 ਵਿੱਚ ਬਣਵਾਇਆ ਸੀ। ਇੱਥੇ ਨਦੀ ਦਾ ਪਾਣੀ ਬਿਲਕੁਲ ਸਾਫ ਅਤੇ ਬਰਫੀਲਾ ਹੈ। ਆਲੇ ਦੁਆਲੇ ਪਾਣੀ ਦੇ ਕਈ ਵੱਡੇ ਵੱਡੇ ਝਰਨੇ ਹਨ। ਬੱਦਲ ਪਹਾੜ ਵਿੱਚ ਧੁੰਦ ਵਾਂਗ ਘੁੰਮਦੇ ਹਨ ਜੋ ਕਿਸੇ ਸਮੇਂ ਹੀ ਬਰਸਣਾ ਸ਼ੁਰੂ ਕਰ ਦਿੰਦੇ ਹਨ।ਮੰਦਿਰ ਦੇ ਪ੍ਰਬੰਧਕਾਂ ਵਲੋਂ ਸ਼ਰਧਾਲੂਆਂ ਪ੍ਰਤਿ ਵਿਖਾਈ ਜਾਂਦੀ ਉਦਾਸੀਨਤਾ ਖਟਕਦੀ ਹੈ। ਇੱਥੇ ਥੱਕੇ-ਟੁੱਟੇ ਸ਼ਰਧਾਲੂਆਂ ਲਈ ਨਾ ਕੋਈ ਲੰਗਰ, ਨਾ ਜੋੜੇ ਰੱਖਣ ਦਾ ਪ੍ਰਬੰਧ ਅਤੇ ਨਾ ਹੀ ਇਸ਼ਨਾਨ ਕਰਨ ਦੀ ਵਿਸ਼ੇਸ਼ ਸੁਵਿਧਾ ਹੈ। ਲੋਕ ਨਦੀ ਦੇ ਪਵਿੱਤਰ ਪਾਣੀ ਵਿੱਚ ਆਪਣੇ ਪੁਰਾਣੇ ਮੈਲੇ-ਕੁਚੈਲੇ ਕੱਪੜੇ ਲਾਹ ਕੇ ਸੁੱਟਦੇ ਵੇਖੇ ਗਏ। ਇਸ ਮੰਦਿਰ ਦੇ ਪਾਸ ਹੀ **ਗਰਮ ਜਲ-ਕੁੰਡ** ਹੈ ਜਿਥੋਂ ਉਬਲਦਾ ਹੋਇਆ ਬੇਹਦ ਗਰਮ ਪਾਣੀ ਨਿਕਲਦਾ ਹੈ।ਇੱਥੋਂ 10 ਕਿਲੋਮੀਟਰ ਦੀ ਦੂਰੀ 'ਤੇ **ਸਪਤਰਿਸ਼ੀ ਕੁੰਡ ਝੀਲ** ਸਥਿਤ ਹੈ ਜਿਥੋਂ ਅਸਲ ਵਿੱਚ ਯਮੁਨਾ ਨਦੀ ਨਿਕਲਦੀ ਹੈ ਪਰ ਇੱਥੇ ਪਹੁੰਚਣਾ ਬਹੁਤ ਮੁਸ਼ਕਲ ਹੈ।

ਇਹ ਯਾਤਰਾ ਕਈ ਪੱਖਾਂ ਤੋਂ ਨਵੇਕਲੀ ਤੇ ਬਹੁਮੰਤਵੀ ਸੀ। ਜਿੱਥੇ ਇਸ ਨੇ ਕੁਦਰਤ ਦੀ ਵਿਸ਼ਾਲਤਾ ਅਤੇ ਸੁੰਦਰਤਾ ਦੇ ਦਰਸ਼ਨ ਕਰਵਾਏ ਉੱਥੇ ਸ਼ਰਧਾਲੂਆਂ ਦੀ ਪਿਆਸੀ ਆਤਮਾ ਨੂੰ ਵੀ ਸੰਤੁਸ਼ਟੀ ਪ੍ਰਦਾਨ ਕੀਤੀ। ਇਸ ਤੋਂ ਵੀ ਵੱਧ ਇਹ ਸਿੱਖਿਆਦਾਇਕ ਅਤੇ ਕਿਰਿਆਮੁਖੀ ਸੀ। ਇਸ ਨੇ ਯਾਤਰੂਆਂ ਨੂੰ ਇਕੱਠਿਆਂ ਮਿਲ ਕੇ ਕਠਿਨਾਈਆਂ ਦਾ ਸਾਹਮਣਾ ਕਰਨ ਅਤੇ ਆਨੰਦ ਮਾਨਣ ਦੀ ਜਾਚ ਸਿਖਾਈ।ਇਸ ਨਾਲ ਹੀ ਜੀਵਨ ਆਨੰਦਮਈ ਬਣਦਾ ਹੈ।ਇਸ ਯਾਤਰਾ ਨੇ ਕਾਦਰ ਦੀ ਅਦਭੁੱਤ ਕਿਰਤ ਹਰਸਿਲ ਦੇ ਦਰਸ਼ਨ ਕਰਵਾਏ ਅਤੇ ਗੁਰਬਾਣੀ ਦੇ ਸ਼ਬਦ,

'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ' ਦੇ ਅਰਥ ਸਪਸ਼ਟ ਕੀਤੇ।

ਜਿਨ੍ਹਾ ਉਲਟੀਆਂ ਖੱਲਾਂ ਲੁਹਾਈਆਂ


# ਬਾਬਾ ਜੈ ਸਿੰਘ ਜੀ

ਗੁਰਮੁਖ ਸਿੰਘ ਲੌਂਗੀਆ



ਸਿੱਖ ਇਤਿਹਾਸ ਦੇ ਪੰਨੇ ਸ਼ਹੀਦਾਂ ਦੇ ਖ਼ੂਨ ਨਾਲ ਭਿੱਜੇ ਪਏ ਹਨ। ਇਨ੍ਹਾਂ ਸ਼ਹੀਦਾਂ ਦੀ ਗਿਣਤੀ ਇੰਨੀ ਜ਼ਿਆਦਾ ਹੈ ਕਿ ਹਰ ਇਕ ਦਾ ਨਾਮ ਯਾਦ ਰੱਖਣਾ ਵੀ ਮੁਸ਼ਕਲ ਹੈ। ਇਸ ਲਈ ਸਮੁੱਚੇ ਤੌਰ 'ਤੇ ਇਨ੍ਹਾਂ ਸਾਰਿਆਂ ਦੀ ਕਮਾਈ(ਘਾਲਣਾ) ਦਾ ਧਿਆਨ ਧਰ ਕੇ ਸਿੱਖ ਹਰ ਰੋਜ਼ ਸਾਂਝੀ ਅਰਦਾਸ ਕਰਦਾ ਹੈ। ਇਨ੍ਹਾਂ ਵਿੱਚੋਂ ਇੱਕ ਸ਼ਹੀਦ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਸਿੱਖੀ ਅਸੂਲਾਂ ਖਾਤਰ ਆਪਣੀ ਖੱਲ ਪੁੱਠੀ ਲਹਾਉਣੀ ਕਬੂਲ ਕਰ ਲਈ ਸੀ ਪਰ ਇਸ ਸ਼ਹੀਦ ਦਾ ਥਹੁ ਪਤਾ ਕਦੇ ਕਿਤੇ ਨਹੀਂ ਸੀ ਪੜ੍ਹਿਆ। ਸਬੱਬ ਨਾਲ ਹੀ ਕੁਝ ਸਮਾਂ ਪਹਿਲਾਂ ਗੁਰੂਦੁਆਰਾ ਭੰਗਾਣੀ ਸਾਹਿਬ (ਹਿਮਾਚਲ ਪ੍ਰਦੇਸ਼) ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆਂ ਤਾਂ ਉੱਥੇ ਕੰਧ 'ਤੇ ਲੱਗੇ ਇਸ ਸ਼ਹੀਦ ਦੀ ਉਤਾਰੀ ਜਾ ਰਹੀ ਖੱਲ ਦੇ ਚਿੱਤਰ ਦੇ ਥੱਲੇ ਸਥਾਨ ਦਾ ਨਾ ਪਟਿਆਲਾ-ਸਰਹੰਦ 'ਤੇ ਪੈਂਦਾ ਪਿੰਡ ਬਾਰਨ ਲਿਖਿਆ ਪੜ੍ਹਿਆ। ਇਸ ਲਈ ਇਸ ਸਥਾਨ ਨੂੰ ਸਿਜਦਾ ਕਰਨ ਦੀ ਤੀਬਰ ਇੱਛਾ ਨਾਲ ਆਪਣੇ ਸਾਥੀਆਂ ਨਾਲ ਇੱਥੇ ਪੁੱਜਾ ਤਾਂ ਉੱਥੇ ਇਸ ਸ਼ਹੀਦ ਦਾ ਸੰਖੇਪ ਇਤਿਹਾਸ ਲਿਖਿਆ ਮਿਲਿਆ ਜੋ ਪਾਠਕਾਂ ਦੇ ਗਿਆਨ ਲਈ ਹੇਠ ਦਿੱਤਾ ਜਾ ਰਿਹਾ ਹੈ-

"ਸੰਮਤ 1810 (ਸੰਨ 1753) ਨੂੰ (ਵਿੱਚ) ਸਰਹਿੰਦ ਦੇ ਨਵਾਬ ਅਬਦੁੱਸ ਸਮੱਦ ਖਾਂ ਆਪਣੀ ਫੌਜ ਸਮੇਤ ਸਰਹਿੰਦ ਤੋਂ ਪਟਿਆਲਾ ਨੂੰ ਜਾ ਰਿਹਾ ਸੀ। ਜਦੋਂ ਉਹ ਪਿੰਡ ਮੁਗਲ ਮਾਜਰਾ( ਹੁਣ ਬਾਰਨ) ਪੁੱਜਾ ਤਾਂ ਏਥੇ ਆ ਕੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਜੇਕਰ ਕੋਈ ਸਿੰਘ ਮਿਲਦਾ ਹੈ ਤਾਂ ਉਸ ਨੂੰ ਮੇਰੇ ਪਾਸ ਲੈ ਆਓ। ਉਸ ਵੇਲੇ ਬਾਬਾ ਜੈ ਸਿੰਘ ਜੀ ਖੂਹ 'ਤੇ ਇਸ਼ਨਾਨ ਕਰ ਰਹੇ ਸਨ। ਸਿਪਾਹੀਆਂ ਨੇ ਬਾਬਾ ਜੈ ਸਿੰਘ ਨੂੰ ਪਕੜ ਕੇ ਅਬਦੁੱਸ ਸਮੱਦ ਖਾਂ ਦੇ ਸਾਹਮਣੇ ਪੇਸ਼ ਕੀਤਾ। ਨਵਾਬ ਉਸ ਨੂੰ ਦੇਖ ਕੇ ਖੁਸ਼ ਹੋਇਆ ਤੇ ਨਾਲ ਹੀ ਬੋਲਿਆ ਕਿ ਅਸੀਂ ਤੁਸਾਂ ਦੇ ਕੋਲੋਂ ਲੰਘ ਕੇ ਆਏ ਹਾਂ ਸਾਨੂੰ ਸਲਾਮ ਕਿਉਂ ਨਹੀਂ ਬੁਲਾਈ? ਬਾਬਾ ਜੀ ਨੇ ਕਿਹਾ ਮੈਨੂੰ ਤੁਸਾਂ ਦੇ ਲੰਘਣ ਬਾਰੇ ਕੋਈ ਪਤਾ ਨਹੀਂ ਲੱਗਾ ਕਿਉਂਕਿ ਉਸ ਵੇਲੇ ਮੇਰੀ ਬਿਰਤੀ ਗੁਰਚਰਨਾਂ ਨਾਲ ਜੁੜੀ ਹੋਈ ਸੀ। ਇਸ 'ਤੇ ਸੂਬੇਦਾਰ ਨੇ ਹਕੂਮਤੀ ਹੰਕਾਰ ਵਿੱਚ ਕਿਹਾਕਿ ਚੰਗਾ ਮੈਂ ਪਟਿਆਲਾ ਜਾ ਕੇ ਤੇਰੀ ਬਿਰਤੀ ਨੂੰ ਦੇਖਾਂਗਾ। ਪਹਿਲਾਂ ਤੂੰ ਮੇਰਾ ਇਹ ਬੋਝਾ ਚੁੱਕ ਕੇ ਪਟਿਆਲਾ ਪਹੁੰਚਾ। ਬਾਬਾ ਜੀ ਕਹਿਣ ਲੱਗੇ ਕਿ ਇਸ ਬੋਝੇ ਵਿੱਚ ਕੀ ਹੈ, ਤਾਂ ਸਿਪਾਹੀਆਂ ਨੇ ਕਿਹਾ ਕਿ ਇਸ ਬੋਝੇ ਵਿੱਚ ਨਵਾਬ ਸਾਹਿਬ ਦਾ ਹੁੱਕਾ ਹੈ। ਬਾਬਾ ਜੀ ਨੇ ਕਿਹਾ ਕਿ ਉਹ ਹੁੱਕੇ ਵਾਲਾ ਬੋਝਾ ਨਹੀਂ ਚੁੱਕੇਗਾ। ਤਾਂ ਨਵਾਬ ਨੇ ਗੁੱਸੇ ਵਿੱਚ ਆ ਕੇ ਬਾਬਾ ਜੀ ਦੀ ਧਰਮ ਸੁਪਤਨੀ ਮਾਤਾ ਧੰਨ ਕੌਰ ਤੇ ਦੋ ਸਪੁੱਤਰਾਂ- ਭਾਈ ਕੜ੍ਹਾਕਾ ਸਿੰਘ ਤੇ ਭਾਈ ਖੜਕ ਸਿੰਘ ਤੇ ਇੱਕ ਨੂੰਹ ਮਾਤਾ ਅਮਰ ਕੌਰ ਨੂੰ ਬੁਲਾਇਆ ਤੇ ਕਿਹਾ ਕਿ ਇਹ ਬੋਝਾ ਤੁਸੀਂ ਚੁੱਕੋ। ਉਨ੍ਹਾਂ ਨੇ ਵੀ ਕਿਹਾ ਕਿ ਉਹ ਵੀ ਅਮ੍ਰਿਤਧਾਰੀ ਸਿੱਖ ਹਨ ਅਤੇ ਹੁੱਕੇ ਵਾਲੇ ਬੋਝੇ ਨੂੰ ਨਹੀਂ ਚੁੱਕਦੇ। ਤਾਂ ਉਨ੍ਹਾਂ ਨੂੰ ਬਾਬਾ ਜੀ ਦੀਆਂ ਅੱਖਾਂ ਦੇ ਸਾਹਮਣੇ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਪਿੱਛੋਂ ਬਾਬਾ ਜੀ ਨੂੰ ਦਰਖਤ ਨਾਲ ਪੁੱਠਿਆਂ ਟੰਗ ਕੇ ਪੁੱਠੀ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। ਮਗਰੋਂ ਪਿੰਡ ਦੀਆਂ ਸੰਗਤਾਂ ਨੇ ਇਕੱਠੇ ਹੋ ਕੇ ਪੰਜੇ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ। ਉਸ ਸਮੇਂ ਬਾਬਾ ਜੀ ਦੀ ਇੱਕ ਨੂੰਹ, ਭਾਈ ਕੜ੍ਹਾਕਾ ਸਿੰਘ ਦੀ ਪਤਨੀ ਮਾਤਾ ਰਾਜ ਕੌਰ ਗਰਭਵਤੀ ਹੋਣ ਕਾਰਨ ਅੰਬਾਲਾ ਸ਼ਹਿਰ ਗਈ ਹੋਈ ਸੀ ਜਿਸ ਨੇ ਉੱਥੇ ਲੜਕੇ ਨੂੰ ਜਨਮ ਦਿੱਤਾ। ਹੁਣ ਉਨ੍ਹਾਂ ਦੀ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਹੈ।



ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਪਹਿਲਾਂ ਇੱਥੇ ਸਮਾਧੀ ਬਣਾਈ ਗਈ ਅਤੇ ਹੁਣ ਗੁਰੂਦੁਆਰੇ ਦੀ ਉਸਾਰੀ ਕੀਤੀ ਗਈ ਹੈ ਜਿੱਥੇ ਹਰ ਸਾਲ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਜੋੜਮੇਲਾ ਲਗਦਾ ਹੈ। ਇਸ ਗੁਰੂਦੁਆਰੇ ਦਾ ਨਾ, ' ਸ਼ਹੀਦ ਬਾਬਾ ਜੈ ਸਿੰਘ ਜੀ ਖੱਲਕੱਟ ਪਿੰਡ ਬਾਰਨ ਸਰਹਿੰਦ ਰੋਡ ਪਟਿਆਲਾ' ਹੈ।

* * * * *

## ਜ਼ਰੂਰੀ ਬੇਨਤੀ

- ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਬਣੋ।
- ਮੈਗਜ਼ੀਨ ਸੈਣੀ ਸੰਸਾਰ ਦੇ ਪਾਠਕ ਬਣੋ।
- ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਦਾਨ ਰਾਸ਼ੀ ਜਮ੍ਹਾਂ ਕਰਾਓ।
- ਸੈਣੀ ਭਵਨ ਦੀਆਂ ਸਰਗਰਮੀਆਂ ਵਿੱਚ ਭਾਗ ਲਓ।
- ਸੈਣੀ ਭਵਨ ਦੇ ਕਿੱਤਾ ਸਿਖ਼ਲਾਈ ਕੇਂਦਰਾਂ :- ਸਿਲਾਈ ਕਢਾਈ ਸੈਂਟਰ, ਡਰੈੱਸ ਡਿਜ਼ਾਇਨਿੰਗ ਸੈਂਟਰ, ਬਿਊਟੀਸ਼ਿਅਨ ਆਰਟ ਸੈਂਟਰ, ਕੰਪਿਊਟਰ ਸੈਂਟਰ ਵਿੱਚ ਆਪਣੇ ਬੱਚਿਆਂ ਨੂੰ ਦਾਖ਼ਲ ਕਰਵਾਓ।



# ਪੰਜਾਬ ਬਾਰੇ ਚਿੰਤਾ ਨਹੀਂ, ਚਿੰਤਨ ਦੀ ਲੋੜ

ਡਾ.ਰਣਜੀਤ ਸਿੰਘ
ਲੁਧਿਆਣਾ

ਪੰਜਾਬ ਕਦੇ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਸੀ। ਪੰਜਾਬੀਆਂ ਦਾ ਰਹਿਣ ਸਹਿਣ ਦੂਜਿਆਂ ਤੋਂ ਕਿਤੇ ਬਿਹਤਰ ਹੈ। ਇੱਥੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਜਾਂਦੀਆਂ ਹਨ, ਘਰਾਂ ਵਿੱਚ ਬਿਜਲੀ ਹੈ ਅਤੇ ਪੀਣ ਦੇ ਪਾਣੀ ਦਾ ਪ੍ਰਬੰਧ ਹੈ। ਇੱਥੇ ਦੇ ਘਰ ਪੱਕੇ ਹਨ ਅਤੇ ਬਹੁਤਿਆਂ ਵਿੱਚ ਆਧਨਿਕ ਸਹੂਲਤਾਂ ਹਨ। ਇੱਥੇ ਦੀ ਖੇਤੀ ਦਾ ਪੂਰੀ ਤਰ੍ਹਾਂ ਮਸ਼ੀਨੀਕਰਨ ਹੋ ਚੁੱਕਿਆ ਹੈ ਅਤੇ ਕਿਸਾਨ ਹਮੇਸ਼ਾਂ ਖੇਤੀ ਦੇ ਨਵੇਂ ਢੰਗ ਅਪਣਾਉਣ ਲਈ ਤਿਆਰ ਰਹਿੰਦਾ ਹੈ।

ਅਫ਼ਸੋਸ ਇਹ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬ ਦੇ ਸਨਅਤੀ ਅਤੇ ਖੇਤੀ ਵਿਕਾਸ ਵਿੱਚ ਖੜੋਤ ਆ ਗਈ ਹੈ। ਨਵੀਆਂ ਸਨਅਤਾਂ ਬਹੁਤ ਘੱਟ ਸਥਾਪਿਤ ਹੋ ਰਹੀਆਂ ਹਨ। ਜਿਹੜੀਆਂ ਹਨ, ਉਹ ਦੂਜੇ ਸੂਬਿਆਂ ਤੋਂ ਆਏ ਕਾਮਿਆਂ ਨੂੰ ਵਧੇਰੇ ਕੰਮ 'ਤੇ ਰੱਖਦੀਆਂ ਹਨ। ਖੇਤੀ ਵਿੱਚ ਵੀ ਕਣਕ, ਝੋਨੇ ਦਾ ਫ਼ਸਲ ਚੱਕਰ ਭਾਰੂ ਹੈ। ਖੇਤੀ ਲੋੜਾਂ ਦੀਆਂ ਲਾਗਤਾਂ ਵਿੱਚ ਵਾਧੇ ਨਾਲ ਕਿਸਾਨ ਦੀ ਆਮਦਨ ਘਟ ਰਹੀ ਹੈ। ਪਰਿਵਾਰਕ ਵੰਡੀਆਂ ਪੈਣ ਨਾਲ ਜੋਤਾਂ ਛੋਟੀਆਂ ਹੋ ਰਹੀਆਂ ਹਨ। ਸਾਡੀ ਲਾਪਰਵਾਹੀ ਨਾਲ ਧਰਤੀ ਹੇਠਲਾ ਪਾਣੀ ਘਟ ਰਿਹਾ ਹੈ ਅਤੇ ਪ੍ਰਦੂਸ਼ਣ ਵਧ ਰਿਹਾ ਹੈ। ਇੱਥੇ ਕੁਝ ਨਵਾਂ ਕਰਨ ਦੀ ਥਾਂ ਇੱਥੋਂ ਦੀ ਜਵਾਨੀ ਕਿਸੇ ਵੀ ਢੰਗ ਨਾਲ ਵਿਦੇਸ਼ਾਂ ਨੂੰ ਉਡਾਰੀ ਮਾਰਨ ਦੇ ਚੱਕਰ ਵਿੱਚ ਹੈ। ਇੱਥੋਂ ਦੇ ਰਾਜਸੀ ਤੇ ਧਾਰਮਿਕ ਆਗੂ ਪੈਸੇ ਦੀ ਦੌੜ ਵਿੱਚ ਉਲਝ ਰਹੇ ਹਨ। ਪੰਜਾਬ ਬਾਰੇ ਸੋਚਣ ਦੀ ਕਿਸੇ ਕੋਲ ਕੋਈ ਵਿਹਲ ਨਹੀ ਹੈ। ਪੰਜਾਬੀ ਬੋਲੀ ਅਤੇ ਸੱਭਿਆਚਾਰ ਤੋਂ ਦੂਰੀ ਲਈ ਸਾਡੇ ਬੁੱਧਜੀਵੀ ਸਾਰਾ ਭਾਂਡਾ ਸਰਕਾਰ ਸਿਰ ਭੰਨ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੇ ਹਾਂ। ਸਨਅਤੀ ਵਿਕਾਸ ਦੇ ਰਾਹ ਵਿੱਚ ਵੱਡੀ ਰੁਕਾਵਟ ਇੱਥੇ ਫੈਲਿਆ ਭ੍ਰਿਸ਼ਟਾਚਾਰ ਹੈ, ਪਰ ਅਸੀ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਕੇ ਆਪਣੀ ਕਮਜ਼ੋਰੀ 'ਤੇ ਪਰਦਾ ਪਾ ਰਹੇ ਹਾਂ। ਇਸੇ ਤਰ੍ਹਾਂ ਧਰਤੀ ਹੇਠਲੇ ਘਟ ਰਹੇ ਪਾਣੀ ਅਤੇ ਪ੍ਰਦੂਸ਼ਣ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਬਣਾ ਰਹੇ ਹਾਂ,ਪਰ ਅਸਲੀ ਜ਼ਿੰਮੇਵਾਰ ਆਪਣੇ ਆਪ ਨੂੰ ਸੁਰਖਰੂ ਕਰ ਲੈਂਦੇ ਹਨ। ਬਹੁਤੇ ਪੰਜਾਬੀ ਆਪਣੇ ਬੱਚਿਆਂ ਨੂੰ ਅਖੌਤੀ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਾਉਂਦੇ ਹਨ, ਘਰ ਵਿੱਚ ਉਨ੍ਹਾਂ ਨਾਲ ਹਿੰਦੀ ਜਾਂ ਅੰਗਰੇਜ਼ੀ ਬੋਲਦੇ ਹਨ। ਆਪਣੇ ਘਰਾਂ, ਦੁਕਾਨਾਂ ਅਤੇ ਦਫ਼ਤਰਾਂ ਦੇ ਬਾਹਰ ਅੰਗਰੇਜ਼ੀ ਵਿੱਚ ਬੋਰਡ ਲਗਾਉਂਦੇ ਹਨ, ਪਰ ਪੰਜਾਬੀ ਦੀ ਅਣਦੇਖੀ ਲਈ ਸਰਕਾਰ ਨੂੰ ਜ਼ਿੰਮੇਵਾਰ ਬਣਾ ਕੇ ਧਰਨੇ ਲਗਾਉਂਦੇ ਹਨ।

ਕਿਸੇ ਵੀ ਫੈਕਟਰੀ ਵਿੱਚ ਘੱਟੋ ਘੱਟ ਦਰਜਨ ਅਧਿਕਾਰੀ (ਚੈਕਿੰਗ ਲਈ) ਆਉਂਦੇ ਹਨ ਪਰ ਉਹ ਗ਼ਲਤ ਸਹੀ ਦੀ ਪਰਖ ਨਹੀ ਕਰਦੇ ਸਗੋਂ ਆਪਣਾ ਮਹੀਨਾ ਵਸੂਲਦੇ ਹਨ। ਸ਼ਹਿਰੀ ਵਿਕਾਸ ਦੀ ਖੜੋਤ ਲਈ ਪੈਸੇ ਦੀ ਕਮੀ ਨੂੰ ਮੁੱਖ ਕਾਰਨ ਮੰਨਿਆ ਜਾਂਦਾ ਹੈ। ਸ਼ਹਿਰਾਂ ਕਸਬਿਆਂ ਵਿੱਚ ਲੱਖਾਂ ਰੇਹੜੀਆਂ ਫੜ੍ਹੀਆਂ ਹਨ, ਇਹ ਸਾਰੇ ਹਫ਼ਤਾ ਭਰਦੇ ਹਨ, ਪਰ ਇਹ ਫੀਸ ਸਰਕਾਰੀ ਖ਼ਜ਼ਾਨੇ ਵਿੱਚ ਜਮ੍ਹਾਂ ਨਹੀ ਹੁੰਦੀ। ਪੰਜਾਬ ਵਿੱਚ ਧਾਰਮਿਕ ਆਗੂਆਂ ਅਤੇ ਪ੍ਰਚਾਰਕਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਦੇ ਬਾਵਜੂਦ ਪੰਜਾਬੀ ਲੋਕ ਸੱਚ, ਸੰਤੋਖ,ਸਾਦਗੀ ਅਤੇ ਸੇਵਾ ਵਾਲੇ ਆਪਣੇ ਸੱਭਿਆਚਾਰ ਤੋਂ ਦੂਰ ਹੋ ਰਹੇ ਹਨ।

ਪੰਜਾਬ ਇਸ ਸਮੇਂ ਜਿਹੜੀਆਂ ਵੀ ਮੁਸ਼ਕਿਲਾਂ ਨਾਲ ਜੂਝ ਰਿਹਾ ਹੈ, ਉਨ੍ਹਾਂ ਸਾਰੀਆਂ ਦੀ ਜ਼ਿੰਮੇਵਾਰੀ ਖੇਤੀ ਵਿਕਾਸ ਦੇ ਸਿਰ ਮੜ੍ਹੀ ਜਾ ਰਹੀ ਹੈ। ਧਰਤੀ ਹੇਠਲੇ ਘਟ ਰਹੇ ਪਾਣੀ ਲਈ ਜ਼ਿੰਮੇਵਾਰ ਝੋਨੇ ਨੂੰ ਠਹਿਰਾਇਆ ਜਾ ਰਿਹਾ ਹੈ, ਜਦੋਂ ਕਿ ਕਿਸਾਨ ਵੱਲੋਂ ਵਰਤੇ ਜਾ ਰਹੇ ਪਾਣੀ ਨਾਲੋਂ ਕਿਤੇ ਵੱਧ ਮਾਤਰਾ ਵਿੱਚ ਪਾਣੀ ਗੈਰਕਾਸ਼ਤਕਾਰੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਇੱਥੇ ਵਰਤੀਆਂ ਜਾਣ ਵਾਲੀਆਂ ਰਸਾਇਣਾਂ ਤੋਂ ਫੈਲਾਈ ਜਾ ਰਹੀ ਗੰਦਗੀ ਵਾਤਾਵਰਨ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ। ਜੇਕਰ ਝੋਨਾ ਸਮੇਂ ਸਿਰ ਅਤੇ ਪੂਰੀਆਂ ਹਦਾਇਤਾਂ ਅਨੁਸਾਰ ਬੀਜਿਆ ਜਾਵੇ ਤਾਂ ਇਹ ਪਾਣੀ ਖ਼ਰਾਬ ਕਰਨ ਦੀ ਥਾਂ ਇਸ ਦੀ ਬੱਚਤ ਕਰਦਾ ਹੈ। ਇਹ ਵੀ ਸੱਚ ਹੈ ਕਿ ਜੇਕਰ ਕਿਸਾਨਾਂ ਦੇ ਘਰ ਚੁੱਲ੍ਹਾ ਮੱਘਦਾ ਹੈ ਤਾਂ ਉਹ ਝੋਨੇ ਦੀ ਫ਼ਸਲ ਕਾਰਨ ਹੀ ਹੈ। ਜੇਕਰ ਕਿਸਾਨ ਕਣਕ, ਝੋਨੇ ਦੀ ਕਾਸ਼ਤ ਨਾ ਕਰੇ ਤਾਂ ਦੇਸ਼ ਦੀ ਵਧ ਰਹੀ ਆਬਾਦੀ ਦਾ ਢਿੱਡ ਕਿਵੇ ਭਰਿਆ ਜਾ ਸਕਦਾ ਹੈ? ਇਸ ਦੇ ਨਾਲ ਹੀ ਕਿਸਾਨਾਂ ਨੂੰ ਡੇਅਰੀ ਅਤੇ ਸਬਜ਼ੀਆਂ ਦੀ ਕਾਸ਼ਤ ਵੱਲ ਮੁੜਨ ਲਈ ਉਤਸ਼ਾਹਿਤ ਕਰਨ ਦੀ ਲੋੜ ਹੈ।

ਨਸ਼ਿਆਂ ਦੀ ਵਧ ਰਹੀ ਵਰਤੋਂ ਲਈ ਖੇਤੀ ਵਿਕਾਸ ਨਹੀ ਸਗੋਂ ਸਾਡੇ ਰਾਜਸੀ ਆਗੂ ਜ਼ਿੰਮੇਵਾਰ ਹਨ। ਉਹ ਪੰਚਾਇਤਾਂ ਤੋਂ ਲੈ ਕੇ ਸੰਸਦ ਦੀਆਂ ਚੋਣਾਂ ਸਮੇਂ ਸ਼ਰਾਬ ਅਤੇ ਦੂਜੇ ਨਸ਼ਿਆਂ ਦੀ ਵਰਤੋਂ ਕਰਦੇ ਹਨ। ਜਿਹੜੇ ਸਮਾਜ-ਸੇਵੀ ਖੇਤੀ ਵਿਕਾਸ ਮਾਡਲ ਦਾ ਵਿਰੋਧ ਕਰ ਰਹੇ ਹਨ,ਉਨ੍ਹਾਂ ਨੂੰ ਚੋਣਾਂ ਸਮੇ ਨਸ਼ਿਆਂ ਦੀ ਵਰਤੋਂ ਵਿਰੁੱਧ ਮੁਹਿੰਮ ਚਲਾਉਣੀ ਚਾਹੀਦੀ ਹੈ। ਕਿਸਾਨ ਦੀ ਆਮਦਨ ਵਿੱਚ ਵਾਧੇ ਲਈ ਮਿਸ਼ਰਤ ਖੇਤੀ ਦੀ ਲੋੜ ਹੈ,ਪਰ ਇਸ ਪਾਸੇ ਉਸ ਨੂੰ ਉਤਸ਼ਾਹਿਤ ਨਹੀ ਕੀਤਾ ਜਾ ਰਿਹਾ। ਵਿਕਾਸ ਦੇ ਨਤੀਜੇ ਵਜੋਂ ਕਿਸਾਨਾਂ ਦੇ ਬੱਚਿਆਂ ਨੇ ਸਕੂਲਾਂ ਵਿੱਚ ਜਾਣਾ ਸ਼ੁਰੂ ਕੀਤਾ, ਉਨ੍ਹਾਂ ਪੜ੍ਹਾਈ ਕੀਤੀ ਤੇ ਚੰਗੀਆਂ ਨੌਕਰੀਆਂ ਪ੍ਰਾਪਤ ਕੀਤੀਆਂ। ਇਸ ਤਬਦੀਲੀ ਦਾ ਲਾਹਾ ਲੈਣ ਲਈ ਵਪਾਰੀਆਂ ਨੇ ਵਿਦਿਆ ਦਾ ਵੀ ਵਪਾਰ ਸ਼ੁਰੂ ਕਰ ਦਿੱਤਾ। ਅਖੌਤੀ ਅੰਗਰੇਜ਼ੀ ਸਕੂਲ ਖੋਲ੍ਹੇ ਗਏ, ਜਿੱਥੇ ਰੱਜੇ-ਪੁੱਜੇ ਘਰਾਂ ਦੇ ਬੱਚੇ ਦਾਖਲ ਹੋਣ ਲੱਗੇ। ਸਰਕਾਰੀ ਸਕੂਲਾਂ ਵਿੱਚ ਕੇਵਲ ਗਰੀਬਾਂ ਦੇ ਬੱਚੇ ਹੀ ਰਹਿ ਗਏ।

ਬਾਕੀ ਪੰਨਾ 48 'ਤੇ.......

Tribute to The Gem of Bradri

## S. Harbanch Singh (Retd. Chief Engineer)

Er. Harjit Singh
Rupnagar



Saini Bradri has gifted many precious gems to society. Among those one is S. Harbans Singh who retired as Chief Engineer in the Department of Irrigation of Panjab. He was born on 29th March 1921 in the Bola (Saini) family of S.Ganga Singh at village SukhramPur Taprian near Grudwara Bhatha Sahib ,Rupnagar. After completing his matriculation in Rupnagar in 1937 he graguated from Government College Lahore. He did B.Sc.Engineering from Govt.Engineering College Lahore. He was appointed SDO in the Panjab Irrigation Department in 1943. He then proceeded for higher studies to USA, where he earned his Postgraduate Degree (M.Sc.) in Hydraulic Engineering from the University of Tennessee, Knoxville. He was the First Indian to have acquired this degree. In addition he got practical training in Tennessee Valley Project and also with the Bureau of Reclamation in Denver, Colorado and Army Corps of Engineers. In USA he carried out Reseach and wrote a number of Papers on Irrigation and Hydraulic Engineering.

During his tenure in the Panjab Irrigation Department , he was actively associated with the Planning, Designing and Construction of most major dams and irrigation projects in the state of Panjab, including Bhakra Dam, Beas dam, Anandpur Sahib Hydel Project , construction of Ganguwal Power House in 1952, Nangal Hydel Channel, Sirhand Feeder, Rajasthan Canal and Lining of all major canals in the state of Panjab. In 1963 , as Professor at Panjab Engineering College Chandigarh, he started for the first time a Post Graguate Course in Irrigation and Hydraulic Engineering.

During his tenure as Chief Engineer ( with additional charge of the establishment) he made the single largest expantion to date in the Panjab Irrigation Department by directly recruiting on merit about 300 SDO's and 3000 other ranks. He remained Chief Engineer for a period of 9 years , Member of the Central Board of Irrigation And Power, Chairman of the Institution of Engineers and President of the Class 1 Association of Engineers. He was instrumental in sending a number of deserving persons to USA for higher studies.



After his retirement, he remained a Consultant for irrigation projects in USA for numerous years and an Arbitrator in interstate water disputes in India. He was actively associated with many social organizations such as Saini Bhawan Chandigarh , Rupnagar and Apna Ghar Rupnagar to which he donated generously. He has a nice family of two sons- S. Manmohan Singh, S. Narranjanmohan Singh doing good business and and three daughters settled abroad.

He was amongst the most distinguished , dynamic and renowned Chief Engineers of Panjab. He was a lively and optimistic person throughout his life. He passed away peacefully on 19th May, 2018 at Chandigarh after enjoying a long and successful life of 97 years.

## ਸਮੇਂ ਦੀ ਭਖਵੀਂ ਲੋੜ

ਪੰਜਾਬ ਵਿੱਚ ਇੱਕ ਪਾਸੇ ਕਿਸਾਨ ਕਰਜ਼ੇ ਹੇਠ ਦੱਬੇ ਖੁਦਕਸ਼ੀਆਂ ਕਰ ਰਹੇ ਹਨ ਅਤੇ ਦੂਜੇ ਪਾਸੇ ਇੱਕ ਦੂਜੇ ਦੇ ਰੀਸੋ ਰੀਸੀ ਵਿਖਾਵੇ ਹਿਤ ਸਮਾਗਮਾਂ 'ਤੇ ਫਜ਼ੂਲ ਖਰਚੀ ਕਰ ਰਹੇ ਹਨ। ਇਹ ਬਹੁਤ ਗੰਭੀਰ ਸਮਾਜਿਕ ਬੁਰਾਈ ਹੈ ਜਿਸ ਨੂੰ ਤੁਰੰਤ ਠੱਲ੍ਹ ਪਾਉਣ ਦੀ ਲੋੜ ਹੈ। ਇਹ ਬਹੁਤ ਮੁਸ਼ਕਲ ਕੰਮ ਹੈ ਜਿਸ ਨੂੰ ਕੋਈ ਉਤਸ਼ਾਹੀ ਅਤੇ ਸੰਵੇਦਨਸ਼ੀਲ ਸੰਸਥਾ ਹੀ ਕਰ ਸਕਦੀ ਹੈ। ਖਬਰਾਂ ਵਿੱਚ ਅਜਿਹੀਆਂ ਦੋ ਸਮਾਜਿਕ ਸੰਸਥਾਵਾਂ ਦਾ ਜ਼ਿਕਰ ਆਇਆ ਹੈ। ਇੱਕ ਹੈ, ਕੁਰਾਲੀ ਦੇ ਆਲੇਦੁਆਲੇ ਦੇ ਸੱਤ ਪਿੰਡਾਂ ਵਿੱਚ ਬਣੀ ਸੰਸਥਾ, 'ਨਵੀਂ ਸੋਚ,ਨਵੀਂ ਪੁਲਾਂਘ' ਜਿਸ ਨੇ ਮੁਹਾਲੀ, ਰੋਪੜ ਅਤੇ ਫਤਿਹਗੜ੍ਹ ਸਾਹਿਬ ਦੇ 80 ਪਿੰਡਾਂ ਦੀਆਂ ਪੰਚਾਇਤਾਂ ਨਾਲ ਵਿਚਾਰਵਟਾਂਦਰਾ ਕਰਕੇ ਪੈਲੇਸਾਂ ਵਿੱਚ ਵਿਆਹ ਨਾ ਕਰਨ ਲਈ ਲੋਕਾਂ ਨੂੰ ਰਜ਼ਾਮੰਦ ਕਰ ਲਿਆ ਹੈ। ਇਨ੍ਹਾਂ ਨੇ ਵਿਆਹ ਸਮੇਂ ਡੀ.ਜੇ. ਬੰਦ ਕਰਵਾ ਦਿੱਤੇ ਹਨ ਅਤੇ ਮਹਿੰਗੇ ਖਾਣੇ ਸੀਮਿਤ ਕਰਵਾ ਦਿੱਤੇ ਹਨ। ਇਸੇ ਤਰ੍ਹਾਂ ਬਜ਼ੁਰਗਾਂ ਦੇ ਸਸਕਾਰ ਅਤੇ ਮਰਗ-ਭੋਗਾਂ 'ਤੇ ਕੀਤੇ ਖਰਚੇ ਵੀ ਘਟ ਕਰਨ ਲਈ ਪੰਚਾਇਤਾਂ ਤੋਂ ਮਤੇ ਪੁਆ ਦਿੱਤੇ ਹਨ। ਦੂਜੀ ਸੰਸਥਾ ਹੈ ਤਲਵੰਡੀ ਸਾਬੋ ਵਿਖੇ, 'ਸ਼ਹੀਦ ਭਗਤ ਸਿੰਘ ਨਸ਼ਾ ਵਿਰੋਧੀ ਮੰਚ' ਜਿਸ ਨੇ ਨਸ਼ੇ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਜਹਾਦ ਛੇੜਿਆ ਹੈ। ਇਨ੍ਹਾਂ ਦਾ ਨਾਹਰਾ ਹੈ, 'ਸਾਦੇ ਵਿਆਹ,ਸਾਦੇ ਭੋਗ। ਨਾ ਚਿੰਤਾ ਨਾ ਰੋਗ।' ਇਸ ਸੰਸਥਾ ਨੇ ਨਜ਼ਦੀਕੀ 34 ਪੰਚਾਇਤਾਂ ਤੋਂ ਸਾਦੇ ਵਿਆਹ ਕਰਨ ਲਈ ਮਤੇ ਪੁਆਏ ਹਨ। ਇਹ ਸੰਸਥਾਵਾਂ ਕੋਈ ਧਾਰਮਿਕ ਜਾਂ ਰਾਜਨੀਤਿਕ ਜਥੇਬੰਦੀਆਂ ਨਹੀਂ ਹਨ। ਇਨ੍ਹਾਂ ਸੰਸਥਾਵਾਂ ਦੇ ਮੋਹਰੀਆਂ ਨੂੰ ਲੱਖ ਲੱਖ ਸਲਾਮ। ਆਓ ਅਸੀਂ ਵੀ ਪਿੰਡ-ਪਿੰਡ, ਮੁਹੱਲੇ-ਮੁਹੱਲੇ ਅਜਿਹੀਆਂ ਸਵੈਸੇਵੀ ਸੰਸਥਾਵਾਂ ਬਣਾ ਕੇ ਆਪਣੇ ਸਮਾਜ ਨੂੰ ਨਸ਼ਿਆਂ ਅਤੇ ਖੁਦਕਸ਼ੀਆਂ ਜਿਹੇ ਕਲੰਕਾਂ ਤੋਂ ਬਚਾਈਏ।

* * * * *

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ?
ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ,
ਹੈ ਟੋਰ ਆਨੰਤ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

-ਭਾਈ ਵੀਰ ਸਿੰਘ

ਕਵਿਤਾ

## ਝੁਰਲੂ

ਸਿਕੰਦਰ ਸਿੰਘ ਨਿਆਮੀਵਾਲਾ

ਕਦੇ ਨਾਦਰ ਆਉਂਦੇ ਸਨ,
ਕਦੇ ਬਾਬਰ ਆਉਂਦੇ ਸਨ।
ਕਦੇ ਗੋਰੇ ਆਉਂਦੇ ਸਨ,
ਕਦੇ ਜਾਬਰ ਆਉਂਦੇ ਸਨ।
ਲੁੱਟਦੇ ਸਨ ਦੌਲਤ ਨੂੰ,
ਰਾਜੇ ਅਖਵਾਉਂਦੇ ਸਨ।
ਵਰ੍ਹੇ ਬੀਤ ਗਏ, ਸਾਲ ਬੀਤ ਗਏ।
ਆਦਿ ਮੱਧ, ਸਭ ਕਾਲ ਬੀਤ ਗਏ।
ਨਵੇਂ ਸਮੇਂ ਦੀਆਂ, ਨਵੀਆਂ ਗੱਲਾਂ।
ਕਹਿ ਕੇ ਹਾੜ੍ਹ, ਸਿਆਲ ਬੀਤ ਗਏ।
ਹੁਣ ਬਾਬਰ ਨਾ ਜਾਬਰ ਆਵਣ,
ਜਾਦੂਗਰ ਆ ਸਿਰ ਮੰਡਰਾਵਣ।
ਸੁਹਣੇ ਨਾਮ ਧਰਾ ਕੇ ਆਵਣ,
ਸੁਹਣਾ ਵੇਸ ਬਣਾ ਕੇ ਆਵਣ।
ਕੋਈ ਟੋਪੀ ਪਾ ਕੇ ਆਵੇ,
ਕੋਈ ਸਿਰ ਮੁੰਨਵਾ ਕੇ ਆਵੇ।
ਕੋਈ ਦਾਹੜੀ ਲਾ ਕੇ ਆਵੇ,
ਕੋਈ ਦਾਹੜੀ ਲਾਹ ਕੇ ਆਵੇ।
ਕਈ ਰਾਗ ਸੁਣਾਉਂਦੇ ਨੇ,
ਕਈ ਸੋਹਿਲੇ ਪੜ੍ਹਦੇ ਨੇ।
ਕਈ ਮਰਸੀਆ ਗਾਉਂਦੇ ਨੇ,
ਸ਼ਾਹਕਾਰ ਇਬਾਰਤ ਘੜਦੇ ਨੇ।
ਤਰ੍ਹਾਂ ਤਰ੍ਹਾਂ ਦੇ ਗੱਪ ਛੱਡਦੇ ਨੇ,
ਤਰ੍ਹਾਂ ਤਰ੍ਹਾਂ ਦੇ ਸੱਪ ਕੱਢਦੇ ਨੇ।
ਮੇਰਾ ਕੰਮ ਕੋਈ ਨ੍ਹੀ ਹੁੰਦਾ,
ਮੈਂ ਤਾਂ ਬੱਸ ਇੱਕ ਹੱਸਣਾ ਹੁੰਦਾ।
ਉਹ ਅੰਬਰੋਂ ਤਾਰੇ ਤੋੜ ਲਿਆਵੇ,
ਸਿਰ ਮੇਰੇ ਨੂੰ ਖੂਬ ਸਜਾਵੇ।
ਮੈਥੋਂ ਇੱਕ ਅਵਾਜ਼ ਲੁਆਵੇ, 'ਕਹਿ ਝੁਰਲੂ'
ਇੱਕ ਵਾਰ ਮੈਂ ਝੁਰਲੂ ਕਹਿਣੈ,
ਪੰਜ ਸਾਲ ਫਿਰ ਤੱਕਦੇ ਰਹਿਣੈ।
ਹੁਣ ਬਾਬਰ ਨਹੀਂ, ਜਾਦੂਗਰ ਆਉਂਦੇ ਨੇ।

# ਕੁਦਰਤੀ ਝੀਲ - ਟਾਹੋ

ਦੇਵਿੰਦਰ ਸਿੰਘ ਜਟਾਣਾ



ਧਰਤੀ ਦੀ ਗੋਦ ਵਿੱਚ ਅਣਗਿਣਤ ਅਦਭੁਤ ਖੂਬਸੂਰਤ ਨਜ਼ਾਰੇ, ਸੈਰਗਾਹਾਂ ਬਨਸਪਤੀ ਅਤੇ ਜੀਵਨ ਦੇ ਖਜਾਨੇ ਪਏ ਹਨ। ਮਨੁਖੀ ਮਨ ਨੂੰ ਵੇਖਣ ਲਭਣ ਦੀ ਤਾਂਘ ਹੋਣੀ ਚਾਹੀਦੀ ਹੈ ਕੁਦਰਤ ਅਗੇ ਵਧ ਆਪਣੀ ਗਲਵਕੜੀ ਵਿੱਚ ਲੈ ਲੈਦੀ ਹੈ। ਇਸ ਵਾਰ ਕੈਲੇਫੋਰਨੀਆਂ ਫੇਰੀ ਦੌਰਾਨ ਕੁਦਰਤੀ ਝੀਲ 'ਲੇਕ ਟਾਹੋ. ਵੇਖਣ ਦਾ ਸਬਬ ਬਣਿਆ। ਟਾਹੋ ਜਿਸਦਾ ਸ਼ਬਦੀ ਅਰਥ ਅਮਰੀਕਨ ਆਦਿ ਵਾਸੀਆਂ ਦੇ ਵਾਸ਼ੋ ਸ਼ਬਦ ਦਾਆਵ ਜਿਸਦਾ ਭਾਵ ਝੀਲ ਹੁੰਦਾ ਹੈ ਤੋਂ ਲਿਆਂ ਦਸਿਆ ਜਾਂਦਾ ਹੈ। ਇਹ ਝੀਲ ਕੈਲੇਫੋਰਨੀਆਂ ਅਤੇ ਨੀਵਾਦਾ ਰਾਜਾਂ ਵਿੱਚ ਫੈਲੀ ਹੋਈ ਹੈ। 6300 ਫੁਟ ਦੀ ਸਮੁੰਦਰੀ ਉਚਾਈ ਤੇ ਖੂਬਸੂਰਤ ਬਰਫ ਢਕੀਆਂ ਪਹਾੜੀ ਚੋਟੀਆਂ ਜਿਹਨਾਂ ਦੀ ਉਚਾਈ 10000 ਫੁਟ ਤਕ ਹੈ ਦੀ ਗੋਦ ਵਿੱਚ 35 ਕਿਲੋਮੀਟਰ ਲੰਬੀ ਅਤੇ 19 ਕਿਲੋਮੀਟਰ ਚੌੜਾਈ ਵਿੱਚ ਫੈਲੀ ਹੋਈ ਹੈ। ਉਚੇ ਲੰਮੇ ਦਰਖਤਾਂ ਦੇ ਝੁੰਡਾ ਵਿੱਚ ਹਜ਼ਾਰਾਂ ਸਦੀਆਂ ਤੋਂ ਬਰਫ ਪਿਘਲਣ ਦੇ ਨਾਲ ਡਿਗਦੇ ਝਰਨੇ ਅਤੇ ਬਾਰਸ਼ਾਂ ਦੇ ਪਾਣੀ ਨਾਲ ਭਰੀ ਹੋਈ ਡੇਢ ਹਜ਼ਾਰ ਫੁਟ ਡੂੰਘੀ ਸਾਫ ਨੀਲੇ ਬਰਫੀਲੇ ਪਾਣੀਆਂ ਵਾਲੀ ਅਮਰੀਕਾ ਦੇ ਉਰੀਗਾਨ ਦੀ ਝੀਲ ਤੋ ਬਾਅਦ ਦੂਸਰੀ ਵਡੀ ਕੁਦਰਤੀ ਝੀਲ ਹੈ। ਇਸ ਦੀ ਵਖੀ ਵਿਚੋਂ ਟਰਕੀ ਦਰਿਆ ਵਗਦਾ ਹੈ ਜੋ ਇਹਦਾ ਆਊਟ ਲੈਟ ਹੈ। ਇਥੇ ਹੀ ਬਣਿਆ ਹੈ ਲੇਕ ਟਾਹੋ ਡੈਮ ਜੋ ਝੀਲ ਦੇ ਪਾਣੀਆਂ ਨੂੰ ਕਾਬੂ ਵਿਚ ਰੱਖਦਾ ਹੈ।

ਬੇਕਰਜ਼ਫੀਲਡ ਜਿਸਦੇ ਦੱਖਣ ਵਲ ਪੈਸੇਫਿਕ ਸਮੁੰਦਰ ਦੇ ਕੰਢੇ ਵਸਦਾ ਅਮਰੀਕਾ ਦਾ ਵਡਾ ਸ਼ਹਿਰ ਲਾਂਸ ਏਜਲਸ ਲਗ ਭਗ 125 ਮੀਲ ਦੀ ਵਿਥ ਤੇ ਹੈ ਅਤੇ ਲਗਭਗ 400 ਮੀਲ ਉਤਰ ਵਲ ਲੇਕ ਟਾਹੋ ਦੇ ਫਾਸਲੇ ਨੂੰ ਤੈਅ ਕਰਨ ਲਈ ਅਸੀ ਰਾਸਟਰੀ ਮਾਰਗ 5 ਅਤੇ 80 ਦਾ ਰਸਤਾ ਚੁਣਿਆ ਜੋ ਕੇ ਕੈਲੇਫੋਰਨੀਆਂ ਦੀ ਰਾਜਧਾਨੀ ਸੈਕਰਾਮੈਟੋ ਦੇ ਕੋਲੋ ਗਦਰੀ ਬਾਬਿਆਂ ਦੇ ਸ਼ਹਿਰ ਸਟਾਕਟਨ ਤੋਂ ਹੁੰਦਾ ਹੋਇਆ ਰੋਜ਼ਵਿਲ ਰਾਹੀ ਪਹੁੰਚਦਾ ਹੈ ਅਤੇ ਦੂਜਾ 99 ਹਾਈਵੇ ਰਾਲੀ ਫਰੈਜਨੋ ਟਰਲਕ ਰਾਹੀ ਹੁੰਦਾ ਹੋਇਆ ਸਟਾਕਟਨ ਵਿੱਚ ਰਲ ਜਾਂਦਾ ਹੈ। ਇਹ ਰਾਸ਼ਟਰੀ ਮਾਰਗ ਇਹਨਾਂ ਦੇਸ਼ਾਂ ਦੀ ਖੂਬਸੂਰਤੀ ਹਨ ਜੋ ਸਫਰ ਨੂੰ ਸੁਖਾਲਾ ਅਤੇ ਸਮਾਂ ਬਚਾਊ ਬਣਾਉਦੇ ਹਨ ਵਰਨਾ 400 ਮੀਲ ਦਾ ਸਫਰ ਪੰਜ ਘੰਟੇ ਵਿੱਚ ਤਹਿ ਕਰਨਾ ਸੌਖਾ ਨਹੀਂ।

ਘਰ ਤੋਂ ਚਲਣ ਤੋਂ ਪਹਿਲਾ ਬੱਚਿਆ ਨੇ ਬਹੁਤ ਹੀ ਵਧੀਆਂ ਸਿਤਾਰਾ ਹੋਟਲ ਹਯਾਤ ਰੀਜੈਸੀ ਵਿੱਚ ਕਮਰੇ ਲੈ ਲਏ ਸਨ। ਇਹ ਹੋਟਲ ਝੀਲ ਤੋਂ 100 ਮੀਟਰ ਦੀ ਵਿਥ ਤੇ ਇਨਕਲਾਈਨ ਪਿੰਡ ਵਿੱਚ ਹੈ ਇਹ ਨੀਵਾਦਾ ਰਾਜ ਵਿਚਲੇ ਹਿੱਸੇ ਵਿੱਚ ਹੈ ਜਿਥੇ ਕਸੀਨੋ ਵੀ ਉਪਲਬਧ ਹਨ। ਝੀਲ ਦੇ ਆਲੇ ਦੁਆਲੇ ਸੀ ਏ ਸਟੇਟ ਰੂਟ 28 ਉਤੇ ਵੱਖ ਵੱਖ ਪੁਆਇੰਟ ਹਨ ਜਿਹਨਾਂ ਵਿੱਚ ਕਿੰਗਜ਼ ਬੀਚ, ਸਾਊਥ ਲੇਕ



ਟਾਹੋ, ਕਿਆਕ, ਰੈਟਲ ਲੋਕਸੇਨ, ਝੀਲ ਮੁਖੀ ਰੈਸਤੋਰਾਂ ਅਤੇ ਇਨਕਲਾਈਨ ਪਿੰਡ। ਇਹਨਾਂ ਸਾਰੀਆਂ ਥਾਵਾਂ ਤੇ ਸੈਲਾਨੀਆ ਦੀ ਚਹਿਲ ਪਹਿਲ ਹੁੰਦੀ ਹੈ ਜੋ ਇਥੋ ਝੀਲ ਵਿਚਲੀਆਂ ਪਾਣੀ ਖੇਡਾਂ (ਵਾਟਰ ਸ਼ਪੋਰਟਸ) ਦਾ ਲੁਤਫ ਲੈਦੇ ਹਨ। ਇਹਨਾਂ ਵਿੱਚ ਬੋਟਿੰਗ, ਪੈਰਾ ਸੇਲਿੰਗ, ਕਿਆਨ ਆਦਿ ਮਨ ਭਾਉਂਦੀਆਂ ਹਨ। ਝੀਲ ਤੋ ਬਾਹਰ ਵਾਟਰ ਫਰੰਟ ਰੈਸਤੋਰਾਂ,ਸਿਤਾਰਾ ਹੋਟਲ, ਬੀਚ ਕੰਢੇ ਅਤੇ ਛੋਟੇ ਬਾਜ਼ਾਰ ਹਨ। ਅਸੀਂ ਸਭਨਾਂ ਰਾਤ ਆਰਾਮ ਕਰ ਦੂਜੇ ਦਿਨ ਤਿੰਨ ਘੰਟੇ ਲਈ ਮੋਟਰ ਬੋਟ ਕਿਰਾਏ ਤੇ ਲਈ ਕੁਝ ਹੀ ਪਲਾਂ ਵਿੱਚ ਝੀਲ ਦੇ ਪਾਣੀਆਂ ਦੀ ਹਿਕ ਉਤੇ ਇਹ ਆਪਣੀ ਰਫਤਾਰ ਤਵਿੰਦਰ ਨੇ ਠੇਲ੍ਹ ਲਈ ਫੇਰ ਕੀ ਸੀ ਸਾਰੇ ਸੇਲਰ ਬਣ ਗਏ 30-35 ਮੀਲ ਦੀ ਰਫਤਾਰ ਨਾਲ ਚਲਣ ਵਾਲੀ ਨੂੰ ਸਭ ਨੇ ਵਾਰੋ ਵਾਰੀ ਚਲਾਉਣ ਦਾ ਮਜਾ ਲਿਆ। ਬਾਹਰ ਨਿਕਲ ਹੈਲਨ ਤਵਿੰਦਰ ਅਤੇ ਪਰਵਾਜ਼ ਨੇ ਪੈਰਾ ਸੇਲਿੰਗ ਰਾਹੀ 800 ਫੁਟ ਪਾਣੀ ਤੇ ਉਡਾਰੀ ਦਾ ਲੁਤਫ ਲਿਆ। ਤੀਸਰੇ ਦਿਨ ਵਾਪਸੀ ਤੇ ਟਾਹੋ ਲੇਕ ਇਲਾਕੇ ਵਿੱਚ ਸੜਕੀ ਕਿਨਾਰੇ ਤੋ ਕਾਫੀ ਪਿੱਛੇ ਹਟ ਕੇ ਕੈਪਿੰਗ ਦਾ ਨਜਾਰਾ ਲੈਦੇ ਲੋਕੀ ਆਪਣੀ ਦੁਨੀਆ ਵਿੱਚ ਮਸਤ ਸਨ। ਲੇਕ ਟਾਹੋ ਨੂੰ ਖੂਬਸੂਰਤ ਸੈਰਗਾਹਾਂ ਵਿੱਚ ਸੁਮਾਰ ਕਰਦਿਆ ਇਥੋ ਦੇ ਹੋਟਲ ਰੈਸਤੋਰਾ, ਪਾਣੀ ਖੇਡਾ, ਕਿਨਾਰੇ ਤੇ ਚਹਿਲ ਪਹਿਲ ਵਾਲੀ ਜਿਦੰਗੀ, ਮਸਤ ਬਨਸਪਤੀ, ਮੌਸਮ ਨੂੰ ਯਾਂਦਾ ਦਾ ਹਿਸਾ ਬਣਾ ਅਸੀਂ ਵਾਪਸ ਬੇਕਰਜ਼ਫੀਲਡ ਪਹੁੰਚ ਗਏ।

* * * * *

ਪੈਸਾ ਕਮਾਉਣ ਦੀ ਜਾਚ ਤਾਂ ਬਹੁਤਿਆਂ ਨੂੰ ਆਉਂਦੀ ਹੈ,
ਪਰ
ਪੈਸਾ ਖਰਚਣ ਦੀ ਜਾਚ ਕਿਸੇ ਕਿਸੇ ਨੂੰ ਆਉਂਦੀ ਹੈ।

ਹੱਡ ਬੀਤੀ

# ਸ਼ਰਾਬੀ

**ਮਨਜੀਤ ਸਿੰਘ ਤੰਬੜ**
ਪੰਜੌੜ (ਜ਼ਿਲ੍ਹਾ ਹੁਸ਼ਿਆਰਪੁਰ)



ਇਹ ਗੱਲ ਵੀਹ ਸਾਲ ਪਹਿਲਾਂ ਦੀ ਹੈ। ਹੋਇਆ ਇੰਜ ਕਿ ਮੈਂ ਹੁਸ਼ਿਆਰਪੁਰ ਤੋਂ ਵਾਪਿਸ ਆਪਣੇ ਪਿੰਡ ਵੱਲ ਮੋਟਰਸਾਇਕਲ ਉੱਤੇ ਆ ਰਿਹਾ ਸੀ। ਸ਼ਾਮ ਦੇ ਕੋਈ ਛੇ ਕੁ ਵੱਜੇ ਸਨ। ਦਿਨ ਵੀ ਸਰਦੀਆਂ ਦੇ ਹੋਣ ਕਰਕੇ ਥੋੜਾ ਘੁੱਸ-ਮੁੱਸਾ ਜਿਹਾ ਹੋ ਚੁੱਕਾ ਸੀ। ਚੱਬੇਵਾਲ ਤੋਂ ਅੱਗੇ ਹੰਦੋਵਾਲ ਦੇ 'ਚੋਅ ਕੰਢੇ, ਸੜਕ ਦੇ ਲਗ-ਭੱਗ ਵਿੱਚਕਾਰ ਇਕ ਆਦਮੀ ਬੇਹੋਸ਼ੀ ਦੀ ਹਾਲਤ ਵਿੱਚ ਮੈਨੂੰ ਲੰਮਾ ਪਿਆ ਦਿਸਿਆ। ਮੈਂ ਏਧਰ-ਉਧਰ ਦੇਖਿਆ। ਕੋਈ ਉਸ ਦੇ ਨਾਲ ਵਾਲਾ ਹੋਵੇ। ਪਰ ਕੋਈ ਨਹੀਂ ਸੀ। ਟਰੈਫਿਕ ਕਾਫੀ ਸੀ। ਸਾਰੇ ਥੋੜ੍ਹੀ ਜਿਹੀ ਸਾਇਡ ਦੇ ਕੇ ਅੱਗੇ ਲੰਘ ਰਹੇ ਸਨ। ਮੇਰੇ ਮਨ ਨੂੰ ਰੰਜਿਸ਼ ਜਿਹੀ ਹੋਈ। ਸੋਚਿਆ, ਓਏ ਭਲੇ ਮਾਣਸੋ! ਤੁਹਾਡੇ ਕਿਸੇ ਕੋਲ ਇੰਨਾਂ ਸਮਾਂ ਵੀ ਨਹੀਂ ਕਿ ਬੇਹੋਸ਼ ਪਏ ਰੱਬ ਦੇ ਬੰਦੇ ਕੋਲ ਕੁੱਝ ਚਿਰ ਲਈ ਰੁੱਕ ਕੇ ਉਸ ਦਾ ਹਾਲ- ਚਾਲ ਹੀ ਪੁੱਛ ਲਵੋਂ। ਚਾਰੇ ਪਾਸੇ ਚੋਅ ਦਾ ਸਰਕੜਾ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਲਾਗੇ ਹੀ ਮਰੇ ਹੋਏ ਪਸ਼ੂਆਂ ਦੇ ਸੁੱਟਣ ਵਾਸਤੇ ਹੱਡਾ-ਰੋੜੀ ਸੀ। ਦੋ ਚਾਰ ਮਾਸ ਖਾਣੇ ਕੁੱਤੇ ਵੀ ਲਾਗੇ ਹੀ ਘੁੰਮ ਰਹੇ ਸਨ। ਮੇਰੀ ਆਤਮਾ ਨੇ ਬਾਕੀ ਲੋਕਾਂ ਦੀ ਤਰ੍ਹਾਂ ਉਸ ਬੰਦੇ ਨੂੰ ਇਸੇ ਹਾਲਤ ਵਿੱਚ ਛੱਡ ਜਾਣ ਦੀ ਇਜ਼ਾਜਤ ਨਾ ਦਿੱਤੀ।

ਮੋਟਰਸਾਇਕਲ ਇੱਕ ਪਾਸੇ ਲਾ ਦਿੱਤਾ। ਜਾ ਕੇ ਲੰਮੇ ਪਏ ਬੰਦੇ ਨੂੰ ਹਿਲਾ ਕੇ ਬੁਲਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਨਾ ਬੋਲਿਆ। ਫਿਰ ਉਸ ਦਾ ਪਾਸਾ ਪਲਟਾਇਆ। ਮੈਨੂੰ ਪਤਾ ਲਗ ਗਿਆ ਕਿ ਬੰਦੇ ਨੇ ਸ਼ਰਾਬ ਪੀਤੀ ਹੋਈ ਹੈ। ਸੱਜੀ ਵੱਖੀ ਥੱਲੇ ਇਕ ਡਾਇਰੀ ਮਿਲੀ । ਖੋਲ੍ਹੀ ਤਾਂ ਪਹਿਲੇ ਸਫੇ ਉੱਤੇ ਲਿਖਿਆ ਸੀ, ਗੁਰਇਕਬਾਲ ਸਿੰਘ ਪੰਜਾਬੀ ਅਧਿਆਪਕ ਹਾਈ ਸਕੂਲ ਸਰਹਾਲਾ । ਪੜ੍ਹ ਕੇ ਮਨ ਨੂੰ ਬਹੁਤ ਦੁੱਖ ਲੱਗਾ । ਇਕ ਅਧਿਆਪਕ ਹੋ ਕੇ ਵੀ ਇਹ ਲੋਕ ਕਿਉਂ ਇਸ ਤਰਾਂ ਦੀਆਂ ਹਰਕਤਾਂ ਕਰਦੇ ਹਨ। ਛੱਡ ਦਿੰਦਾ ਹਾਂ ਇੱਥੇ ਈ। ਜਦੋਂ ਹੋਸ਼ ਆਊ ਆਪੇ ਉੱਠ ਕੇ ਤੁਰ ਜਾਊ। ਪਰ ਮਨ ਨਾ ਮੰਨਿਆ। ਜੇ ਕੋਈ ਗੱਡੀ ਜਾਂ ਬੱਸ ਇਸ ਨੂੰ ਦਰੜ ਕੇ ਲੰਘ ਗਈ ਤਾਂ ਐਵੇਂ ਅਨਿਆਈ ਮੌਤੇ ਮਰ ਜਾਊ। ਫਿਰ ਆਹ ਕੁੱਤੇ ਵੀ ਕਿਹੜਾ ਇਹਨੂੰ ਛੱਡਣ ਲੱਗੇ ਆ। ਇਨਸਾਨੀਅਤ ਦੇ ਨਾਂ 'ਤੇ ਇਸ ਨੂੰ ਇੱਥੇ ਇਕੱਲਾ ਛੱਡਣਾ ਠੀਕ ਨਹੀਂ।

ਫੈਸਲਾ ਕੀਤਾ, ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ ਮੋਟਰਸਾਇਕਲ ਉੱਤੇ ਬਿਠਾ ਲੈਂਦਾ ਹਾਂ। ਅੱਗੇ ਜਾ ਕੇ ਕਿਸੇ ਸੁਰੱਖਿਅਤ ਸਥਾਨ ਉੱਤੇ ਛੱਡ ਦੇਵਾਂਗਾ। ਇੱਕ ਸਾਇਕਲ-ਸਵਾਰ ਨੂੰ ਹੱਥ ਦੇ ਕੇ ਆਖਿਆ, 'ਭਾਈ ਸਾਹਿਬ! ਜ਼ਰਾ ਇਸ ਆਦਮੀ ਨੂੰ ਮੇਰੇ ਨਾਲ ਮੋਟਰਸਾਇਕਲ ਉੱਤੇ ਬਿਠਾਉਣ ਲਈ ਮੇਰੀ ਮੱਦਦ ਤਾਂ ਕਰਿਓ'। ਅਸੀਂ ਦੋਨਾ ਨੇ ਜਿਵੇਂ ਨਾ ਕਿਵੇਂ ਉਸ ਨੂੰ ਮੋਟਰਸਾਇਕਲ ਉੱਤੇ ਬਿਠਾ ਲਿਆ। ਸਾਇਕਲ-ਸਵਾਰ ਮੇਰੇ ਵੱਲ ਦੇਖ ਕੇ ਆਖਣ ਲੱਗਾ, 'ਸਰਦਾਰ ਜੀ, ਗੁੱਸਾ ਨਾ ਕਰਿਓ! ਇਹਨਾਂ ਨੂੰ ਬਹੁਤੀ ਨਾ ਪੀਣ ਦਿਆ ਕਰੋ'। ਮੈ ਸ਼ਰਮਿੰਦਾ ਜਿਹਾ ਹੋ ਗਿਆ।

ਪੰਜ ਕੁ ਸੌ ਗਜ਼ ਉੱਤੇ ਇੱਕ ਹੋਟਲ ਦੇ ਲਾਗੇ ਮੈਂ ਉੱਸ ਨੂੰ ਥੱਲੇ ਉਤਾਰਨ ਦੀ ਕੋਸ਼ਿਸ਼ ਕੀਤੀ। ਪਰ ਉਸ ਨੇ ਮੇਰੇ ਲੱਕ ਦੁਆਲੇ ਇੰਨੀ ਜ਼ੋਰ ਦੀ ਆਪਣੀਆਂ ਬਾਹਾਂ ਦੀ ਜੱਫੀ ਕੱਸੀ ਕਿ ਉਹ ਤਾਂ ਮੈਨੂੰ ਵੀ ਮੋਟਰਸਾਇਕਲ ਤੋਂ ਉੱਤਰਨ ਨਾ ਦੇਵੇ। ਬੜਾ ਔਖਾ ਫਸਿਆ। ਜੇ ਮੈ ਉੱਤਰਾਂ ਤਾਂ ਹੀ ਉੱਸ ਨੂੰ ਉਤਾਰਾਂ। ਉਪਰੋਂ ਨ੍ਹੇਰਾ ਹੋਈ ਜਾ ਰਿਹਾ ਸੀ। ਸਾਹਮਣੇ ਤੋਂ ਗੱਡੀਆਂ ਦੀਆਂ ਲਾਇਟਾਂ ਅੱਖਾਂ ਵਿੱਚ ਵੱਜਣ ਲਗ ਪਈਆਂ। ਹੁਣ ਕੀ ਕਰਾਂ, ਕਿਵੇਂ ਕਿਸੇ ਨੂੰ ਕਹਾਂ ਕਿ ਇਸ ਨੂੰ ਮੇਰੇ ਮੋਟਰਸਾਇਕਲ ਤੋਂ ਜ਼ਬਰਦਸਤੀ ਹੇਠਾਂ ਉਤਾਰ ਦੇਵੋ। ਕੌਣ ਮੰਨੇਗਾ ਮੇਰੀ। ਮੇਰੇ ਗਲ਼ ਨਹੀਂ ਪਵੇਗਾ ਉਹ? ਅੱਛਾ ਮਨਾ ਅੱਗੇ ਚਲ ਕੇ ਦੇਖਦਾ ਹਾਂ।

ਸ਼ਰਾਬੀ ਬੰਦੇ ਨੂੰ ਪਿੱਛੇ ਬਿਠਾ ਕੇ ਮੋਟਰਸਾਇਕਲ ਚਲਾਉਣਾ ਕਿਹੜਾ ਸੌਖਾ ਹੁੰਦਾ ਹੈ। ਉਹ ਤਾਂ ਕਦੀ ਕਿਸੇ ਪਾਸੇ ਲੁੜਕ ਜਾਵੇ ਕਦੀ ਕਿਸੇ ਪਾਸੇ। ਸੋਚਿਆ ਜੇ ਇਹ ਪਿੱਛੇ ਬੈਠਾ ਡਿਗ ਪਿਆ,ਪੱਕੀ ਸੜਕ ਹੈ ਬਚਣ ਨਹੀਂ ਲੱਗਾ। ਜੇ ਇਹ ਮਰ ਗਿਆ ਤਾਂ ਬਚਦਾ ਤੂੰ ਵੀ ਨਹੀ। ਖ਼ੂਨ ਦੇ ਕੇਸ ਵਿੱਚ ਬੱਝੇਂਗਾ। ਕੌਣ ਮੰਨੇਗਾ ਤੇਰੀ ? ਕਿਵੇਂ ਕਹੇਂਗਾ ਕਿ ਮੈਂ ਤਾਂ ਇਸ ਨੂੰ ਜਾਣਦਾ ਤੱਕ ਨਹੀ ?

ਅਚਾਨਕ ਪਤਾ ਨਹੀਂ ਉਸ ਦੇ ਮਨ ਵਿੱਚ ਕੀ ਆਇਆ, "ਕਿੱਥੇ ਲੈ ਕੇ ਚੱਲਾਂ ਤੂੰ ਮੈਨੂੰ",ਉਹ ਉਚੀ ਅਵਾਜ਼ ਵਿਚ ਬੋਲਿਆ, "ਉਤਾਰ ਦੇ ,ਨਹੀਂ ਤਾਂ ਮੈਂ ..." ਉਹ ਆਪੇ ਉਤਰਨ ਦੀ ਕੋਸ਼ਿਸ਼ ਕਰਨ ਲਗ ਪਿਆ। "ਨਹੀਂ ਨਹੀਂ ਮੈਂ ਉਤਾਰਦਾ ਹਾਂ"। ਹੋਰ ਮੈਨੂੰ ਕੀ ਚਾਹੀਦਾ ਸੀ। ਮੇਰੀ ਤਾਂ ਰੱਬ ਨੇ ਨੇੜਿਓਂ ਸੁਣੀ ਸੀ। ਮੈਂ ਇੱਕ ਪਾਸੇ ਆਪਣਾ ਮੋਟਰਸਾਇਕਲ ਕੀਤਾ ਤੇ ਬਾਹੋਂ ਫੜ ਕੇ ਥੱਲੇ ਉਤਾਰ ਦਿੱਤਾ। ਉਤਰਦਾ ਹੀ ਉਹ ਉੱਥੇ ਹੀ ਡਿੱਗ ਪਿਆ।

ਪਰ ਇਹ ਤਾਂ ਉਸ ਨਾਲੋਂ ਵੀ ਜ਼ਿਆਦਾ ਸੁੰਨ-ਸਾਨ ਜਗ੍ਹਾ ਸੀ। ਇਸ ਨਾਲੋਂ ਤਾਂ ਚੰਗਾ ਸੀ ਇਹਨੂੰ ਉੱਥੇ ਈ ਪਿਆ ਰਹਿਣ ਦਿੰਦਾ। ਹਾਲੇ ਵੀ ਮੇਰੇ ਦਿਮਾਗ ਵਿੱਚੋਂ ਇਨਸਾਨਿਅਤ ਵਾਲਾ ਕੀੜਾ ਨਿਕਲਿਆ ਨਹੀਂ ਸੀ। ਉਸ ਨੂੰ ਚੰਗੀ ਤਰ੍ਹਾਂ ਉੱਥੇ ਲਿਟਾਇਆ ਤੇ ਸਿੱਧਾ ਕੀਤਾ।

ਦਿਮਾਗ ਉੱਤੇ ਬੋਝ ਪਾਇਆ, ਹੁਣ ਕੀ ਕੀਤਾ ਜਾਵੇ? ਸੋਚਿਆ,ਲਾਗੇ ਜੈਤਪੁਰ ਪਿੰਡ ਦਾ ਛੋਟਾ ਜਿਹਾ ਅੱਡਾ ਹੈ,ਉਥੇ

ਜਾ ਕੇ ਕਿਸੇ ਟੈਕਸੀ ਵਾਲੇ ਨੂੰ ਪੁਛਦਾਂ,ਜੇ ਉਹ ਇਸ ਨੂੰ ਇਸ ਦੇ ਪਿੰਡ ਸਰਹਾਲਾ ਤੱਕ ਲਿਜਾਣ ਨੂੰ ਮੰਨ ਜਾਵੇ। ਕਿਰਾਇਆ ਜੋ ਤਿੰਨ-ਚਾਰ ਸੌ ਹੋਵੇਗਾ ਦੇਵਾਂਗਾ,ਭਲੇ ਦਾ ਹੀ ਤਾਂ ਕੰਮ ਹੈ।

ਉਸ ਨੂੰ ਉਥੇ ਛੱਡ ਕੇ ਜੈਤਪੁਰ ਅੱਡੇ ਆ ਗਿਆ। ਲਗ-ਭਗ ਸੱਤ ਤੋਂ ਉੱਤੇ ਦਾ ਟਾਇਮ ਸੀ।ਉੱਥੇ ਦੋ ਬੰਦੇ ਖੜ੍ਹੇ ਸਨ। "ਭਾਈ ਸਾਹਿਬ ਇੱਥੋਂ ਕੋਈ ਟੈਕਸੀ ਮਿਲ ਜਾਉ?" ਮੈ ਪੁੱਛਿਆ।

"ਕਾਹਦੇ ਲਈ"? ਉਹਨਾ ਨੇ ਮੇਰੇ ਵੱਲ ਬੜੇ ਗੌਰ ਨਾਲ ਦੇਖਿਆ।

"ਸਰਦਾਰ ਜੀ, ਇਕ ਬੰਦੇ ਨੇ ਸ਼ਰਾਬ ਪੀਤੀ ਹੋਈ ਆ,ਉਹਨੂੰ ਸਰਹਾਲਾ ਪਿੰਡ ਤੱਕ ਛੱਡਣਾ" ਮੈਂ ਥੋੜ੍ਹਾ ਝੱਕਦੇ ਹੋਏ ਨੇ ਆਖਿਆ।

"ਹੈ ਕਿੱਥੇ"? ਉਹਨਾ ਵਿੱਚੋਂ ਇੱਕ ਨੇ ਪੁੱਛਿਆ।

" ਜੀ ਏਥੋਂ ਥੋੜ੍ਹਾ ਪਿੱਛੇ"।

"ਨਾਲ ਕੌਣ ਜਾਉ? ਤੂੰ ਚੱਲੇਂਗਾ ਨਾਲ ਟੈਕਸੀ ਵਿੱਚ"? ਉਹ ਰੁੱਖੀ ਜੇਹੀ ਬੋਲੀ ਵਿੱਚ ਬੋਲਿਆ।

"ਨਹੀਂ, ਮੈਂ ਮੋਟਰਸਾਇਕਲ ਉੱਤੇ ਨਾਲ ਚੱਲਾਂਗਾ"।

"ਜੇ ਸ਼ਰਾਬੀ ਰਾਸਤੇ ਵਿੱਚ ਮਰ ਗਿਆ, ਤੂੰ ਜ਼ੁੰਮੇਵਾਰ ਹੋਵੇਂਗਾ"? ਉਸ ਨੇ ਇਕ ਹੋਰ ਅਜੀਬ ਜਿਹਾ ਸਵਾਲ ਮੇਰੇ ਅੱਗੇ ਰੱਖ ਦਿੱਤਾ।

"ਨਹੀਂ ਭਾਈ ਸਾਹਿਬ, ਏਸ ਤਰਾਂ ਦਾ ਕੁੱਝ ਨਹੀਂ ਹੋਣ ਲੱਗਾ"। ਮੈਂ ਥੋੜਾ ਵਿਸ਼ਵਾਸ ਜਿਹੇ ਨਾਲ ਆਖਿਆ।

"ਚੱਲ ਪਹਿਲਾਂ, ਦਿਖਾ ਕਿੱਥੇ ਆ ਓਹ"।

ਮੈਂ ਉਹਨਾਂ ਦੋਨਾਂ ਨੂੰ ਆਪਣੇ ਨਾਲ ਉੱਥੇ ਲੈ ਗਿਆ ਜਿਥੇ ਉਹ ਸ਼ਰਾਬੀ ਪਿਆ ਸੀ।

ਸ਼ਰਾਬੀ ਦੀ ਹਾਲਤ ਨੂੰ ਦੇਖ ਕੇ ਇੱਕ ਨੇ ਫਿਰ ਸੁਆਲ ਕਰ ਦਿੱਤਾ, "ਨਾ ਦੱਸ ਏਨੂੰ ਏਨੀ ਪਿਲਾਈ ਕਿਉਂ"?

"ਨਹੀਂ ਸਰਦਾਰ ਜੀ, ਮੈਂ ਕਾਹਨੂੰ ਏਨੂੰ ਪਿਲਾਉਣੀ ਆਂ, ਮੈਂ ਤਾਂ ਏਨੂੰ ਜਾਣਦਾ ਤੱਕ ਨਹੀਂ"। ਮੈਂ ਉਹਨਾਂ ਨੂੰ ਸਾਰੀ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਉਲਟਾ ਮੇਰੇ ਉੱਤੇ ਸ਼ੱਕ ਕਰਨ ਲੱਗ ਪਏ।

"ਦੇਖ ਬੰਦਿਆ, ਤੂੰ ਓਥੋਂ ਏਨੂੰ ਚੁੱਕ ਕੇ ਸਾਡੇ ਪਿੰਡ ਦੀ ਜੂਹ ਅੰਦਰ ਸੁੱਟ ਦਿੱਤਾ। ਬਚਣਾ ਏਨੇ ਹੈ ਨੀ। ਜਾ ਤਾਂ ਏਨੂੰ ਅੱਗੇ ਲੈ ਜਾ, ਜੇ ਨਹੀਂ ਲਿਜਾ ਸਕਦਾ ਤਾਂ ਹੁਣੇ ਈ ਪੁਲਿਸ ਥਾਣੇ ਟੈਲੀਫੂਨ ਕਰ। ਨੰਬਰ ਤੈਨੂੰ ਮੈਂ ਦਿੰਦਾਂ। ਪੁਲਿਸ ਆਪ ਆ ਕੇ ਲੈ ਜਾਉ। ਉਦੋਂ ਤੱਕ ਤੂੰ ਇਥੋਂ ਨੀ ਜਾ ਸਕਦਾ। ਮੈਂ ਪਿੰਡ ਦੇ ਸਰਪੰਚ ਦਾ ਭਰਾ ਆਂ। ਰਾਤ ਨੂੰ ਇਹ ਮਰ ਗਿਆ, ਪੁਲਿਸ ਨੇ ਤਾਂ ਆ ਕੇ ਪਹਿਲਾਂ ਸਾਡੇ ਗਲ਼ੇ ਰੱਸਾ ਪਾਉਣਾ"। ਮੈਂ ਮਨ ਹੀ ਮਨ ਘਬਰਾ ਗਿਆ। ਮਨਜੀਤ ਸਿੰਆਂ! ਹੁਣ ਤੇਰੇ ਗਲ਼ ਵਿੱਚ ਰੱਸਾ ਨਹੀਂ, ਫਾਂਸੀ ਪਉ। ਹੋ ਜਾ ਤਿਆਰ ਜੇਲ੍ਹ ਜਾਣ ਲਈ। ਹੋਰ ਕਰ ਨੇਕੀਆਂ। ਏਥੇ ਛੱਡ ਕੇ ਚੁੱਪ-ਚਾਪ ਚਲਾ ਜਾਂਦਾ, ਠੀਕ ਨਾ ਰਹਿੰਦਾ। ਆਪਣੇ ਆਪ ਆਪਣੀ ਮੌਤ ਦਾ ਖੂਹ ਪੁੱਟਿਆ, ਹੁਣ ਡਿਗ ਵਿੱਚ।

"ਪਰ ਭਾਈ ਸਾਹਿਬ, ਮੇਰੇ ਕੋਲ ਤਾਂ ਮੋਬਾਇਲ ਵੀ ਨਹੀਂ ਹੈ"। ਮੈਂ ਸੰਭਲ ਕੇ ਆਖਿਆ।

"ਫਿਰ ਬੈਠਾ ਰਹੁ ਏਥੇ, ਅਸੀਂ ਤਾਂ ਨਈ ਮਰਿਆ ਸੱਪ ਆਪਣੇ ਗਲ਼ ਪਾਉਣਾ"। ਸਰਪੰਚ ਦਾ ਭਰਾ ਕੁੜੱਤਣ ਨਾਲ ਬੋਲਿਆ।

ਮੈਂ ਬਥੇਰਾ ਸਮਝਾਇਆ ਕਿ ਮੈਂ ਇਕੱਲਾ ਬੰਦਾ ਹਾਂ, ਘਰ ਦੇ ਫਿਕਰ ਕਰਦੇ ਹੋਣਗੇ, ਅੱਠ ਤੋਂ ਉੱਤੇ ਟਾਇਮ ਹੋ ਗਿਆ ਹੈ। ਇਥੋਂ ਇਕ ਘੰਟੇ ਦਾ ਸਫਰ ਹਾਲੇ ਮੇਰਾ ਹੋਰ ਹੈ। ਏਹ ਆਪੇ ਜਦੋਂ ਹੋਸ਼ ਆਉ, ਉੱਠ ਕੇ ਚਲੇ ਜਾਉ। ਮੈਨੂੰ ਜਾਣ ਦਿਓ। ਪਰ ਉਹ ਨਾ ਮੰਨੇ।

"ਭਾਈ ਸਾਹਿਬ ਏਥੇ ਬੈਠਣ ਦਾ ਤਾਂ ਕੋਈ ਫਾਇਦਾ ਨਹੀਂ, ਮੈਂ ਆਪ ਜਾ ਕੇ ਥਾਣੇ ਇਤਲਾਹ ਦੇ ਆਉਂਦਾ ਹਾਂ"। ਮੇਰੇ ਦਿਮਾਗ ਨੇ ਉਥੋਂ ਨਿਕਲਣ ਲਈ ਸਕੀਮ ਸੋਚੀ।

ਪਰ ਉਹ ਵੀ ਅਗਿਓਂ ਬੱਚੇ ਨਹੀਂ ਸਨ। "ਚਲ ਫਿਰ ਇਵੇਂ ਈ ਕਰ ਲ਼ੈ , ਲਿਖਾ ਆਪਣਾ ਐਡਰੈਸ। ਗਲ ਸੁਣ ਲਈਂ ਕੰਨ ਖੋਲ ਕੇ! ਵੱਡੇ ਭਾਈ,ਜੇ ਦੌੜ ਗਿਆ ਤਾਂ ਘਰੋਂ ਈ ਚੁੱਕ ਲਿਆਉਣਾ ਅਸੀਂ, ਫਿਰ ਨਾ ਕਹੀਂ ਮਾੜੀ ਹੋਈ"।

"ਨਹੀਂ, ਨਹੀਂ ਮੈਂ ਕਿੱਥੇ ਦੌੜਨਾ"। ਆਖਦੇ ਨੇ ਆਪਣਾ ਐਡਰੈਸ ਲਿਖਾ ਕੇ ਉਥੋਂ ਆਪਣੀ ਜਾਨ ਛੁਡਵਾਈ।

ਮੇਰੇ ਲਈ ਤਾਂ ਹੁਣ ਅੱਗੇ ਖੂਹ, ਪਿੱਛੇ ਖਾਈ ਵਾਲੀ ਗੱਲ ਸੀ। ਜੇ ਪੁਲਿਸ ਸਟੇਸ਼ਨ ਜਾਂਦਾ ਤਾਂ ਉਹਨਾਂ ਕਿਹੜਾ ਮੇਰਾ ਜਲਦੀ ਖਹਿੜਾ ਛੱਡਣਾ ਸੀ। ਪਹਿਲਾਂ ਬਿਠਾਈ ਰੱਖਦੇ, ਫਿਰ ਗੱਡੀ ਵਿੱਚ ਬਿਠਾ ਕੇ ਆਖਦੇ, 'ਚੱਲ ਦਸ ਕਿੱਥੇ ਆ ਤੇਰਾ ਬੰਦਾ'। ਦੋ ਚਾਰ ਦੱਬਕੇ ਮਾਰ ਕੇ ਆਖਦੇ, "ਦਸ ਕਿਥੋਂ ਪੀਤੀ ਤੁਸੀਂ, ਦੇਸੀ ਪੀਤੀ ਕਿ ਅੰਗਰੇਜ਼ੀ, ਕਿੱਥੋਂ ਆਏ, ਕਿਥੇ ਚੱਲੇ ਸੀ, ਏਹ ਤੇਰਾ ਰਿਸ਼ਤੇ ਵਿੱਚ ਕੀ ਲੱਗਦਾ" ਸੌ ਸੁਆਲ ਪੁਛਣੇ ਸੀ ਮੇਰੇ ਪਾਸੋਂ ਉਹਨਾਂ ਨੇ ਜਿਹਨਾਂ ਦਾ ਇੱਕ ਵੀ ਜੁਵਾਬ ਨਹੀਂ ਦੇ ਹੋਣਾ ਮੇਰੇ ਪਾਸੋਂ। ਮੇਰੀ ਅਸਲੀ ਕਹਾਣੀ ਤਾਂ ਸੁਣਨੀ ਨਹੀਂ ਸੀ ਕਿਸੇ ਨੇ।

ਜੇ ਰਿਪੋਰਟ ਨਹੀਂ ਲਿਖਵਾਉਂਦਾ, ਰੱਬ ਨਾ ਕਰੇ ਉਸ ਬੰਦੇ ਦੀ ਰਾਤ ਨੂੰ ਮੌਤ ਹੋ ਜਾਵੇ ਤਾਂ ਵੀ ਮੈਂ ਫਸ ਜਾਣਾ ਹੈ। ਐਡਰੈਸ ਤਾਂ ਉਹਨਾਂ ਬੰਦਿਆਂ ਕੋਲ ਹੈ ਈ। ਹੁਣ ਕੀ ਕੀਤਾ ਜਾਵੇ? ਅਖੀਰ ਮਨ ਬਣਾਇਆ ਕਿ ਉੱਪਰ ਵਾਲੇ 'ਤੇ ਵਿਸ਼ਵਾਸ ਰੱਖ ਕੇ, 'ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ' ਵਾਲੀ ਕਹਾਵਤ ਸੋਚ ਕੇ ਸਰਹਾਲਾ ਪਿੰਡ ਵੱਲ ਨੂੰ ਚਲ ਪਿਆ। ਪਿੰਡ ਦੇ ਸਰਪੰਚ ਦੇ ਘਰ ਦਾ ਪਤਾ ਕੀਤਾ। ਕਿਸਮਤ ਨੂੰ ਸਰਪੰਚ ਸਾਹਿਬ ਹਾਲੇ ਆਪਣੇ ਕਮਰੇ ਵਿੱਚ ਬੈਠੇ ਕੁੱਝ ਕੰਮ ਕਰ ਰਹੇ ਸਨ। ਮੈਂ ਸਤਿ ਸ਼੍ਰੀ ਅਕਾਲ ਬੁਲਾਈ। ਉਹਨਾਂ ਮੈਨੂੰ ਬੈਠਣ ਲਈ ਕਿਹਾ। ਮੈਂ ਬੈਠ ਗਿਆ। "ਦੱਸੋ ਕੀ ਕੰਮ ਹੈ?" ਸਰਪੰਚ ਸਾਹਿਬ ਨੇ ਮੈਨੂੰ ਪਹਿਚਾਨਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਉਹ ਮੈਨੂੰ ਕੁਝ ਹੋਰ ਪੁੱਛਦੇ, ਮੈਂ

ਆਪਣੀ ਪਹਿਚਾਣ ਮੋਟੇ ਤੌਰ 'ਤੇ ਦੱਸ ਦਿੱਤੀ। ਨਾਲ ਹੀ ਮੈਂ ਮਾਸਟਰ ਜੀ ਵਾਰੇ ਅਤੇ ਆਪਣੀ ਪਰੇਸ਼ਾਨੀ ਵਾਰੇ ਵੀ ਦੱਸ ਦਿੱਤਾ।

ਮੇਰੀ ਸਾਰੀ ਕਹਾਣੀ ਸੁਣ ਕੇ ਸਰਪੰਚ ਸਾਹਿਬ ਹੱਸਦੇ ਆਖਣ ਲੱਗੇ, "ਸਰਦਾਰ ਸਾਹਿਬ! ਤੁਸੀਂ ਕਾਹਨੂੰ ਚੁੱਕਣਾ ਸੀ ਉਸ ਨੂੰ ? ਪਿਆ ਰਹਿਣ ਦਿੰਦੇ ਉਥੇ ਈ। ਆਪੇ ਜਦੋਂ ਹੋਸ਼ ਆਉਦੀ ਤਾਂ ਆ ਜਾਣਾ ਸੀ ਓਨ੍ਹੇ। ਇਹ ਤਾਂ ਉਸ ਦਾ ਨਿੱਤ-ਨਿੱਤ ਦਾ ਡਰਾਮਾਂ। ਉਹ ਤਾਂ ਪੀ ਕੇ ਕਦੀ ਕਿਤੇ ਪਿਆ ਹੁੰਦਾ ਕਦੀ ਕਿਤੇ। ਕੁੱਝ ਨਹੀਂ ਹੁੰਦਾ ਉਸ ਨੂੰ। ਤੁਸੀਂ ਜਾਓ ਜਾ ਕੇ ਅਰਾਮ ਕਰੋ। ਐਵੇਂ ਪਰੇਸ਼ਾਨ ਹੁੰਦੇ ਫਿਰਦੇ ਹੋ"।

ਮੈਂ ਆਪਣੀ ਪਰੇਸ਼ਾਨੀ ਦਾ ਤਰਲਾ ਜਿਹਾ ਪਾਇਆ, "ਨਹੀਂ ਸਰਪੰਚ ਸਾਹਿਬ, ਮਾੜੇ ਸਮੇਂ ਦਾ ਕੋਈ ਪਤਾ ਨਹੀਂ ਹੁੰਦਾ ਕਦੋਂ ਆ ਜਾਵੇ। ਉਸ ਦੇ ਘਰ ਖਬਰ ਜ਼ਰੂਰ ਕਰ ਦੇਵੋ"।

ਸਰਪੰਚ ਸਾਹਿਬ ਨੇ ਮੇਰੇ ਬੈਠੇ ਹੀ ਉਸ ਮਾਸਟਰ ਜੀ ਦੇ ਘਰ ਫੋਨ ਕਰ ਦਿੱਤਾ। ਨਾਲੇ ਮੇਰੀ ਪਰੇਸ਼ਾਨੀ ਵੀ ਉਹਨਾਂ ਨੂੰ ਦਸ ਦਿੱਤੀ। ਘਰ ਵਾਲਿਆਂ ਨੇ ਮੇਰੇ ਨਾਲ ਸਿੱਧੀ ਗੱਲ-ਬਾਤ ਕਰ ਕੇ ਪੁੱਛ ਲਿਆ ਕਿ ਉਹ ਕਿੱਥੇ ਪਿਆ ਹੈ। ਮੈ ਸਾਰਾ ਪਤਾ ਟਿਕਾਣਾ ਉਹਨਾ ਨੂੰ ਦੱਸ ਦਿੱਤਾ। ਨਾਲ ਆਪਣਾ ਟੈਲੀਫੋਨ ਨੰਬਰ ਵੀ ਲਿਖਾ ਕੇ ਆਖ ਦਿੱਤਾ, "ਆ ਕੇ ਰਾਜੀ ਖੁਸ਼ੀ ਦੀ ਖਬਰ ਜ਼ਰੂਰ ਦੇ ਦੇਣੀ"।

ਸਰਪੰਚ ਸਾਹਿਬ ਨੂੰ ਮਿਲ ਕੇ ਦਿਮਾਗੀ ਬੋਝ ਤਾਂ ਜ਼ਰੂਰ ਹਲਕਾ ਹੋਇਆ ਪਰ ਕੱਲ੍ਹ ਦੀ ਸਵੇਰ ਨੂੰ ਮੇਰੇ ਨਾਲ ਕੀ ਬੀਤੇਗੀ, ਇਹਨਾਂ ਵਿਚਾਰਾਂ ਵਿੱਚ ਫਸਿਆ ਰਾਤ ਗਿਆਰਾਂ ਵਜੇ ਘਰ ਪਹੁੰਚਿਆ।

ਫੋਨ;ਨੰ 9876036975

* * * * *

## ਦਿਮਾਗੀ ਕਸਰਤ

1. ਉਹ ਕਿਹੜੀ ਚੀਜ਼ ਹੈ ਜੋ ਤੁਹਾਨੂੰ ਹਮੇਸ਼ਾਂ ਪਿੱਠ 'ਤੇ ਮਿਲਦੀ ਹੈ ?
2. ਉਹ ਕਿਹੜੀ ਚੀਜ਼ ਹੈ ਜੋ ਮਨੁੱਖ ਨੂੰ ਦੋ ਵਾਰ ਮੁਫਤ ਅਤੇ ਤੀਜੀ ਵਾਰ ਮੁੱਲ ਮਿਲਦੀ ਹੈ ?
3. ਉਹ ਕਿਹੜਾ ਕੰਮ ਹੈ ਜੋ ਅਣਜਾਣੇ ਵਿੱਚ ਜੇ ਪਤੀ ਤੋਂ ਹੋ ਜਾਵੇ ਤਾਂ ਪਤਨੀ ਤੰਗ ਹੁੰਦੀ ਹੈ ਅਤੇ ਪਤਨੀ ਤੋਂ ਹੋ ਜਾਵੇ ਤਾਂ ਪਤੀ ਤੰਗ ਹੁੰਦਾ ਹੈ?

ਇਨ੍ਹਾਂ ਦੇ ਉੱਤਰ ਇਸੇ ਅੰਕ ਵਿੱਚ ਪੰਨਾ 48 'ਤੇ ਦੇਖੋ

ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ,
ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ।

-ਸੁਰਜੀਤ ਪਾਤਰ

## ਸ਼ਰਧਾਂਜਲੀ

• **ਬਾਬਾ ਦਲਜੀਤ ਸਿੰਘ ਸ਼ਿਕਾਗੋ ਅਤੇ ਸ. ਪਰਮਜੀਤ ਸਿੰਘ ਖਾਲਸਾ ਜੀ** ( ਬਲਾਚੌਰ, ਜ਼ਿਲ੍ਹਾ ਨਵਾਂਸ਼ਹਿਰ ) ਦੇ ਸਤਿਕਾਰਯੋਗ ਪਿਤਾ ਸ. ਚਰਨ ਸਿੰਘ ਜੀ 20 ਅਪ੍ਰੈਲ, 2018 ਨੂੰ ਗੁਰੂ ਚਰਨਾ ਵਿੱਚ ਜਾ ਬਿਰਾਜੇ ਹਨ। ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਅਤੇ ਪਰਿਵਾਰ ਨੂੰ ਇਹ ਸਦਮਾ ਸਹਿਣ ਦੀ ਸ਼ਕਤੀ ਦੇਵੇ।

• **ਚੀਫ ਇੰਜਨੀਅਰ ( ਰਿਟਾ.) ਸ. ਹਰਬੰਸ ਸਿੰਘ ਜੀ** (ਪਿੰਡ ਸੁਖਰਾਮਪੁਰ ਟੱਪਰੀਆਂ, ਜ਼ਿਲ੍ਹਾ ਰੁਪਨਗਰ) ਪਰਮਾਤਮਾ ਵਲੋਂ ਦਿੱਤੀ ਸੁਆਸਾਂ ਦੀ ਪੂੰਜੀ ਭੋਗ ਕੇ 19 ਮਈ, 2018 ਨੂੰ ਪ੍ਰਲੋਕ ਸਿਧਾਰ ਗਏ ਹਨ। ਅਕਾਲ ਉਨ੍ਹਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

• **ਸ.ਸੁਖਵਿੰਦਰ ਸਿੰਘ ( ਦੇਸੂਮਾਜਰਾ, ਜ਼ਿਲ੍ਹਾ ਮੋਹਾਲੀ)** ਦੇ ਪਿਤਾ ਸ.ਹਜ਼ੂਰਾ ਸਿੰਘ ਜੀ ਆਪਣੀ ਆਨੰਦਮਈ ਉਮਰ ਭੋਗ ਕੇ 20 ਮਈ,2018 ਨੂੰ ਅਕਾਲਚਲਾਣਾ ਕਰ ਗਏ ਹਨ। ਪਰਮਾਤਮਾ ਅੱਗੇ ਅਰਦਾਸ ਹੈ ਕਿ ਉਨ੍ਹਾਂ ਦੀ ਆਤਮਾ ਨੂੰ ਆਪਣੇ ਵਿੱਚ ਲੀਨ ਕਰ ਲਵੇ ਅਤੇ ਪਰਿਵਾਰ ਨੂੰ ਇਹ ਦੁੱਖ ਸਹਿਣ ਦੀ ਤਾਕਤ ਦੇਵੇ।

• ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕੀ ਮੈਂਬਰ **ਸ. ਰਾਜਿੰਦਰ ਸਿੰਘ ਜੀ ਦੇ ਭਰਾ ਸ. ਅਮਰਜੀਤ ਸਿੰਘ** ਆਪਣੀ ਜੀਵਨ ਯਾਤਰਾ ਪੂਰੀ ਕਰ ਕੇ 17 ਅਪ੍ਰੈਲ, 2018 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਸੈਣੀ ਭਵਨ ਦੇ ਸਾਰੇ ਮੈਂਬਰ ਵਿੱਛੜ ਗਈ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਨ ਅਤੇ ਸ. ਰਾਜਿੰਦਰ ਸਿੰਘ ਦੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹਨ।

• ਸੈਣੀ ਭਵਨ ਰੁਪਨਗਰ ਦੇ ਪ੍ਰਬੰਧਕੀ ਮੈਂਬਰ **ਸ. ਹਰਜੀਤ ਸਿੰਘ ਗਿਰਨ ਦੇ ਪੂਜਨੀਕ ਸੱਸ ਸ਼੍ਰੀਮਤੀ ਗੁਰਦੇਵ ਕੌਰ ਜੀ** ਆਪਣੀ ਸਰੀਰਕ ਯਾਤਰਾ ਸੰਪੂਰਨ ਕਰ ਕੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਪਰਮਾਤਮਾ ਵਿਛੜੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਪਰਿਵਾਰ ਨੂੰ ਸਦਮਾ ਸਹਿਣ ਦੀ ਸ਼ਕਤੀ ਬਖਸ਼ੇ।

ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁੱਕਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ, ਸੀਨਾਂ ਪਾੜ ਕੇ ਪੱਥਰਾਂ ਦਾ।
-ਬਾਬਾ ਨਜ਼ਮੀ

ਖੁੱਦ ਡੁੱਬਦੇ ਨੇ ਨਦੀਆਂ 'ਚ, ਇਸ਼ਕ ਨੂੰ ਤਾਰ ਜਾਂਦੇ ਨੇ,
ਇਸ਼ਕ ਨੂੰ ਜ਼ਿੰਦਾ ਰੱਖਣ ਲਈ ਜੋ ਆਪਾ ਵਾਰ ਜਾਂਦੇ ਨੇ,

# ਦਸਤਾਰ

ਪ੍ਰਿਤਪਾਲ ਸਿੰਘ
ਰੂਪਨਗਰ



'ਦਸਤਾਰ' ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ,-'ਹੱਥਾਂ (ਦਸਤ) ਨਾਲ ਸਵਾਰ ਕੇ ਬੰਨ੍ਹਿਆਂ ਵਸਤਰ' ਜਿਸ ਨੂੰ ਆਮ ਬੋਲੀ ਵਿੱਚ 'ਪੱਗ' ਵੀ ਕਿਹਾ ਜਾਂਦਾ ਹੈ। ਪੱਗ ਹਰ ਸਿੱਖ ਵਿਅਕਤੀ ਦੇ ਪਹਿਰਾਵੇ ਦਾ ਅਨਿੱਖੜ ਅੰਗ ਹੈ। ਇਹ ਉਸ ਦੀ ਪਹਿਚਾਣ ਹੈ। ਇਸ ਦੀ ਮਹਾਨਤਾ ਬਾਰੇ ਇਤਿਹਾਸ ਵਿੱਚ ਅਨੇਕਾਂ ਘਟਨਾਵਾਂ, ਕਥਾਵਾਂ ਅਤੇ ਕਹਾਣੀਆਂ ਦਰਜ ਹਨ। ਇੱਥੇ ਕੇਵਲ ਦੋ ਦਿਲਚਸਪ ਘਟਨਾਵਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ-

ਇੱਕ ਘਟਨਾ ਸ. ਗੁਰਪ੍ਰੀਤ ਸਿੰਘ ਤੂਰ ਆਈ.ਪੀ.ਐਸ.ਨੇ ਆਪਣੀ ਪੁਸਤਕ 'ਅੱਲ੍ਹੜ ਉਮਰਾਂ ਤਲਖ਼ ਸੁਨੇਹੇ' ਵਿੱਚ ਬਿਆਨ ਕੀਤੀ ਹੈ। "ਇਹ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਦੇ ਆਖ਼ਰੀ ਵਰ੍ਹੇ ਦੀ ਗੱਲ ਹੈ। ਇੱਕ ਪਗੜੀਧਾਰੀ ਨੌਜਵਾਨ ਟੋਕੀਓ ਏਅਰਪੋਰਟ 'ਤੇ ਉੱਤਰਿਆ ਤੇ ਸਮਾਨ ਆਉਣ ਦੀ ਉਡੀਕ ਕਰਨ ਲੱਗਾ। ਇੱਕ ਵਿਦੇਸ਼ੀ ਕੁੜੀ ਨੇ ਉਸ ਵੱਲ ਵੇਖਿਆ, ਹਲਕਾ ਜਿਹਾ ਮੁਸਕਰਾਈ ਤੇ ਸਿਰ ਝੁਕਾਇਆ। ਉਹ ਨੌਜਵਾਨ ਸਰੂਰਿਆ ਜਿਹਾ ਗਿਆ। ਉਹ ਹੈਰਾਨ ਸੀ ਕਿ ਉਸ ਦੀ ਇੱਥੇ ਕੋਈ ਜਾਣਪਛਾਣ ਵੀ ਨਹੀਂ ਪਰ ਅਜਿਹੀ ਅਪਣੱਤ ਕਿਉਂ? ਉਸ ਨੇ ਨੀਵੀਂ ਪਾਈ ਤੇ ਫਿਰ ਅੱਖਾਂ ਬੰਦ ਕਰ ਕੇ ਸੋਚਦਾ- ਸੋਚਦਾ ਨਿਗ੍ਹਾ ਨੂੰ ਛੱਤ ਤੱਕ ਲੈ ਗਿਆ।




ਬੈਲਟ 'ਤੇ ਘੁੰਮਦਾ ਉਸ ਦਾ ਸਮਾਨ ਦੋ ਵਾਰ ਉਸ ਦੀਆਂ ਅੱਖਾਂ ਅੱਗੇ ਦੀ ਲੰਘ ਗਿਆ। ਹੌਸਲਾ ਕਰ ਕੇ ਉਸ ਨੌਜਵਾਨ ਨੇ ਉਸ ਕੁੜੀ ਤੋਂ ਪੁੱਛਿਆ, 'ਕੀ ਤੁਸੀਂ ਮੈਨੂੰ ਜਾਣਦੇ ਹੋ ?' ਨਹੀਂ, ਦਰਅਸਲ ਮੈਂ ਮਰਦਾਂ ਦੇ ਸਿਰ 'ਤੇ ਪਹਿਨਣ ਵਾਲੇ ਪਹਿਰਾਵਿਆਂ 'ਤੇ ਪੀ.ਐਚ.ਡੀ. ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਪੱਗ ਉੱਪਰ ਆਪਣਾ ਥੀਸਿਸ ਲਿਖਿਆ ਹੈ। (ਇਸ ਲਈ ਪੱਗ ਦੇ ਪਿਛੋਕੜ ਬਾਰੇ ਖੋਜ ਕਰਦਿਆਂ ਇਸ ਦੀ ਮਹਾਨਤਾ ਦਾ ਪਤਾ ਲੱਗਣ 'ਤੇ ) ਹੁਣ ਜਦੋਂ ਮੈਂ ਕਿਤੇ ਪੱਗ ਵਾਲੇ ਨੂੰ ਵੇਖ ਲੈਂਦੀ ਹਾਂ ਤਾਂ ਮੇਰਾ ਸਿਰ (ਆਪਣੇ ਆਪ ਸ਼ਰਧਾ ਨਾਲ) ਉਸ ਅੱਗੇ ਝੁਕ ਜਾਂਦਾ ਹੈ। ਇਹ ਕਹਿੰਦਿਆਂ ਉਸ ਨੇ ਅਦਬ ਨਾਲ ਫਿਰ ਸਿਰ ਝੁਕਾਇਆ"।

ਦੂਜੀ ਘਟਨਾ 'ਪੰਜਾਬੀ ਟ੍ਰਿਬਿਉਨ' ਵਿਚ ਛਪੀ ਸੀ,-" 1977-78 ਵਿੱਚ ਇੰਗਲੈਂਡ ਦੇ ਸ਼ਹਿਰ ਵੁਲਵਰਹੈਪਟਨ ਦੇ ਇੱਕ ਸਕੂਲ ਵਿੱਚ ਛੇਵੀਂ ਜਮਾਤ ਦੇ ਇੱਕ ਸਿੱਖ ਵਿਦਿਆਰਥੀ ਕੁਲਵਿੰਦਰ ਸਿੰਘ ਨੂੰ ਇਸ ਕਰਕੇ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਕਿਉਂਕਿ ਉਹ ਦਸਤਾਰ ਸਜਾ ਕੇ ਸਕੂਲ ਆਇਆ ਸੀ। ਉਸ ਬੱਚੇ ਨੇ ਸਕੂਲੋਂ ਬਾਹਰ ਆ ਕੇ ਗੱਤੇ ਉੱਪਰ ਸਕੂਲੋਂ ਕੱਢੇ ਜਾਣ ਦਾ ਸੰਖੇਪ ਵਰਣਨ ਕਰ ਕੇ ਉਸ ਨੂੰ ਆਪਣੀ ਛਾਤੀ ਨਾਲ ਬੰਨ੍ਹ ਲਿਆ ਅਤੇ ਅਡੋਲ ਉੱਥੇ ਹੀ ਬੈਠਾ ਰਿਹਾ। ਲੋਕ ਉਸ ਬੱਚੇ ਨੂੰ ਦੇਖਦੇ ਅਤੇ ਪ੍ਰਿਸੀਪਲ ਨੂੰ ਬੁਰਾ ਭਲਾ ਕਹਿੰਦੇ। ਅਗਲੇ ਦਿਨ ਸਿੱਖਿਆ ਵਿਭਾਗ ਦੇ ਵੱਡੇ ਅਧਿਕਾਰੀ ਨੇ ਆ ਕੇ ਸਾਰੀ ਰਾਤ ਠੰਢ ਵਿੱਚ ਠਰਦੇ ਕੁਲਵਿੰਦਰ ਸਿੰਘ ਨੂੰ ਉੱਥੋਂ ਉਠਾਇਆ ਅਤੇ ਉਸ ਨੂੰ ਦਸਤਾਰ ਸਜਾ ਕੇ ਸਕੂਲ ਵਿੱਚ ਆਉਣ ਦੀ ਆਗਿਆ ਦੇ ਦਿੱਤੀ"।

* * * * *

## ਸੜਕੀ ਸ਼ਿਸ਼ਟਾਚਾਰ

ਭਾਰਤੀ ਸੁਪਰੀਮ ਕੋਰਟ ਦੇ ਮਾਨਯੋਗ ਜਸਟਿਸ ਚੇਲਾਮੇਸ਼ਵਰ ਨੇ ਇੱਕ ਸੜਕੀ ਝਗੜੇ ਨਾਲ ਜੁੜੀ ਅਪੀਲ ਦਾ ਨਿਪਟਾਰਾ ਕਰਦਿਆਂ ਟਿੱਪਣੀ ਕੀਤੀ, ' ਸਿਸ਼ਟਾਚਾਰ ਤੇ ਸੁਹਜ ਦੀ ਕਮੀ ਕਾਰਨ ਹੀ ਸੜਕੀ ਲੜਾਈਆਂ ਦੇ ਮਾਮਲਿਆਂ ਵਿੱਚ ਨਿਰੰਤਰ ਵਾਧਾ ਹੋਇਆ ਹੈ'। ਦੂਜੇ ਮੁਲਕਾਂ ਵਿੱਚ ਜ਼ੈਬਰਾ ਕਰਾਸਿੰਗ ਨੂੰ ਦੇਖ ਕੇ ਰਾਸ਼ਟਰਪਤੀ ਜਾਂ ਪ੍ਰਧਾਨਮੰਤਰੀ ਦਾ ਕਾਫਲਾ ਵੀ ਜਾਂ ਤਾਂ ਰੁਕ ਜਾਂਦਾ ਹੈ ਜਾਂ ਗੱਡੀਆਂ ਦੀ ਰਫਤਾਰ ਧੀਮੀ ਕਰ ਲੈਂਦਾ ਹੈ ਪਰ ਸਾਡੇ ਮੁਲਕ ਵਿੱਚ ਤਾਂ ਗੱਡੀਆਂ ਵਾਲੇ ਜ਼ੈਬਰਾ ਕਰਾਸਿੰਗ ਦੇਖਦਿਆਂ ਹੀ ਗੱਡੀ ਹੋਰ ਤੇਜ਼ ਕਰ ਲੈਂਦੇ ਹਨ। ਜੇ ਕੋਈ ਡਰਾਇਵਰ 'ਸਮਝਦਾਰ' ਹੋਵੇ ਤਾਂ ਉਹ ਜ਼ੈਬਰਾ ਕਰਾਸਿੰਗ ਲੰਘਣ ਤੋਂ ਪਹਿਲਾਂ ਪੂਰੇ ਜ਼ੋਰ ਨਾਲ ਹਾਰਨ ਵਜਾ ਦਿੰਦਾ ਹੈ ਤਾਂ ਜੋ ਪੈਦਲ ਇਸ ਸਮੇਂ ਸੜਕ ਪਾਰ ਕਰਨ ਦੀ ਗਲਤੀ ਨਾ ਕਰ ਬੈਠੇ। ਇਸ ਸਿਸ਼ਟਾਚਾਰ ਦੀ ਘਾਟ ਕਾਰਨ ਹੀ ਸਾਲ 2015 ਦੌਰਾਨ ਦੇਸ਼ ਵਿੱਚ ਸੜਕੀ ਝਗੜਿਆਂ ਨਾਲ ਸਬੰਧਿਤ ਕੁੱਲ 4.51 ਲੱਖ ਕੇਸ ਦਰਜ ਹੋਏ ਜਿਨ੍ਹਾਂ ਵਿੱਚ 3.49 ਲੱਖ ਲੋਕ ਜ਼ਖਮੀ ਹੋਏ ਅਤੇ 513 ਕਤਲ ਹੋਏ। ਇਸ ਦੇ ਮੁੱਖ ਕਾਰਨ ਹਨ- ਸਾਡੀ ਕਾਹਲ ਤੇ ਜਲਦਬਾਜ਼ੀ, ਭਾਈਚਾਰਕ ਤੇ ਸ਼ਿਸ਼ਟਾਚਾਰੀ ਕਦਰਾਂ ਕੀਮਤਾਂ ਨੂੰ ਲੱਗਿਆ ਖੋਰਾ ਅਤੇ ਗੱਡੀ ਅੰਦਰ ਬੈਠਿਆਂ ਮਹਿਸੂਸ ਹੁੰਦੀ ਤਾਕਤ। ਇਸ ਤ੍ਰਾਸਦੀ ਤੋਂ ਬਚਣ ਲਈ ਆਓ ਅਸੀਂ ਵੀ ਸੜਕ ਤੇ ਸੋਹਜ ਅਤੇ ਸਿਸ਼ਟਾਚਾਰ ਦਾ ਪੱਲਾ ਫੜੀਏ ਅਤੇ ਇਨ੍ਹਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਅਹਿਮ ਅੰਗ ਬਣਾਈਏ।

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ